# ਗਣਿਤ ਦਾ ਜਾਦੂ

## (ਤੀਸਰੀ ਸ਼੍ਰੇਣੀ ਲਈ)

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਪਹਿਲਾ ਐਡੀਸ਼ਨ : 2014 ..................... 28,000 ਕਾਪੀਆਂ

ਰੀਵਾਈਜ਼ਡ ਐਡੀਸ਼ਨ : 2017 .............. 2,07,000 ਕਾਪੀਆਂ

[This book has been adopted with the kind permission of the National Council of Educational Research and Training, New Delhi]

All rights, including those of translation, reproduction and annotation etc., are reserved by the Punjab Government

ਅਨੁਵਾਦਕ : ਸ. ਹਰਪ੍ਰੀਤ ਸਿੰਘ
ਗੌਰਮਿੰਟ ਮਿਡਲ ਸਕੂਲ ਧਨਾਲ ਕਲਾਂ
ਜਲੰਧਰ

ਸੰਯੋਜਕ : * ਪ੍ਰਿਤਪਾਲ ਸਿੰਘ ਕਥੂਰੀਆ
ਵਿਸ਼ਾ ਮਾਹਿਰ
ਪੰਜਾਬ ਸਕੂਲ ਸਿੱਖਿਆ ਬੋਰਡ

ਚਿੱਤਰਕਾਰ : ਮਨਜੀਤ ਸਿੰਘ ਢਿੱਲੋਂ

## ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ-ਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : 55.00 ਰੁਪਏ**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ : ਚੋਵਾਇਸ ਬੁੱਕਸ ਐਂਡ ਪ੍ਰਿੰਟਰਜ਼ ਪ੍ਰਾ. ਲਿਮਿਟਿਡ, ਜਲੰਧਰ ਵੱਲੋਂ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਸੋਧਣ ਅਤੇ ਤਿਆਰ ਕਰਨ ਦੇ ਕੰਮ ਵਿੱਚ ਜੁਟਿਆ ਹੋਇਆ ਹੈ। ਅੱਜ ਜਿਸ ਦੌਰ ਵਿੱਚੋਂ ਅਸੀਂ ਲੰਘ ਰਹੇ ਹਾਂ ਉਸ ਵਿੱਚ ਬੱਚਿਆਂ ਨੂੰ ਸਹੀ ਵਿੱਦਿਆ ਦੇਣਾ ਮਾਪਿਆਂ ਅਤੇ ਅਧਿਆਪਕਾਂ ਦੋਹਾਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ। ਇਸੇ ਜ਼ਿੰਮੇਵਾਰੀ ਅਤੇ ਵਿੱਦਿਅਕ ਜ਼ਰੂਰਤਾਂ ਨੂੰ ਸਮਝਦਿਆਂ ਹੋਇਆਂ ਗਣਿਤ ਵਿਸ਼ੇ ਦੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਵਿੱਚ ਨੈਸ਼ਨਲ ਕਰੀਕੁਲਮ ਫਰੇਮਵਰਕ-2005 ਅਨੁਸਾਰ ਕੁਝ ਮਹੱਤਵਪੂਰਨ ਪਰਿਵਰਤਨ ਕੀਤੇ ਜਾ ਰਹੇ ਹਨ।

ਸਕੂਲ ਕਰੀਕੁਲਮ ਵਿੱਚ ਗਣਿਤ ਵਿਸ਼ੇ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਲੋੜੀਂਦੇ ਸਿੱਖਿਅਕ ਨਤੀਜੇ ਪ੍ਰਾਪਤ ਕਰਨ ਲਈ ਚੰਗੀ ਪਾਠ-ਪੁਸਤਕ ਦਾ ਹੋਣਾ ਪਹਿਲੀ ਜ਼ਰੂਰਤ ਹੈ। ਇਸ ਲਈ ਇਸ ਪਾਠ-ਪੁਸਤਕ ਵਿੱਚ ਵਿਸ਼ਾ ਸਾਮੱਗਰੀ ਨੂੰ ਇਸ ਤਰ੍ਹਾਂ ਸਥਾਪਿਤ ਕੀਤਾ ਗਿਆ ਹੈ ਜਿਸ ਨਾਲ ਵਿਦਿਆਰਥੀਆਂ ਦੀ ਤਰਕ ਸ਼ਕਤੀ ਪ੍ਰਫੁੱਲਿਤ ਹੋਣ ਦੇ ਨਾਲ-ਨਾਲ ਵਿਸ਼ੇ ਨੂੰ ਸਮਝਣ ਦੀ ਯੋਗਤਾ ਵਿੱਚ ਵੀ ਵਾਧਾ ਹੋਵੇਗਾ। ਅਭਿਆਸਾਂ ਦੇ ਪ੍ਰਸ਼ਨ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦੇ ਅਨੁਸਾਰ ਤਿਆਰ ਕੀਤੇ ਗਏ ਹਨ। ਇਹ ਪੁਸਤਕ ਰਾਸ਼ਟਰੀ ਵਿੱਦਿਆ ਖੋਜ ਅਤੇ ਸਿਖਲਾਈ ਸੰਸਥਾ ਵੱਲੋਂ ਤੀਸਰੀ ਸ਼੍ਰੇਣੀ ਲਈ ਤਿਆਰ ਕੀਤੀ ਗਈ ਗਣਿਤ ਵਿਸ਼ੇ ਦੀ ਪੁਸਤਕ ਦੀ ਅਨੁਸਾਰਤਾ ਕਰਦੀ ਹੈ। ਇਹ ਪੁਸਤਕ ਐਨ.ਸੀ.ਈ.ਆਰ.ਟੀ ਤੋਂ ਪ੍ਰਵਾਨਗੀ ਲੈਣ ਉਪਰੰਤ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ।

ਇਸ ਪਾਠ-ਪੁਸਤਕ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਲਈ ਵੱਧ ਤੋਂ ਵੱਧ ਉਪਯੋਗੀ ਬਣਾਉਣ ਦਾ ਭਰਪੂਰ ਯਤਨ ਕੀਤਾ ਗਿਆ ਹੈ। ਫਿਰ ਵੀ, ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

ਚੇਅਰਮੈਨ
ਪੰਜਾਬ ਸਕੂਲ ਸਿੱਖਿਆ ਬੋਰਡ

# NCERT ਦੀ ਪਾਠ-ਪੁਸਤਕ ਤਿਆਰ ਕਰਨ ਵਾਲੀ ਕਮੇਟੀ

**ਚੇਅਰ-ਪਰਸਨ** - ਪ੍ਰਾਇਮਰੀ ਪੱਧਰ ਤੇ ਪਾਠ-ਪੁਸਤਕਾਂ ਤਿਆਰ ਕਰਨ ਵਾਲੀ ਸਲਾਹਕਾਰ ਕਮੇਟੀ
ਅਨੀਤਾ ਰਾਮਪਾਲ, ਪ੍ਰੋਫੈਸਰ, ਸਿੱਖਿਆ ਵਿਭਾਗ ਦਿੱਲੀ ਯੂਨੀਵਰਸਿਟੀ।

**ਮੁੱਖ ਸਲਾਹਕਾਰ** - ਅਮਿਤਾਭ ਮੁਖਰਜੀ, ਡਾਇਰੈਕਟਰ, ਸੀ ਐੱਲ ਈ ਸੀ., ਦਿੱਲੀ ਯੂਨਿਵਰਸਿਟੀ, ਨਵੀਂ ਦਿੱਲੀ।

**ਮੈਂਬਰ** - ਅਨੀਤਾ ਰਾਮਪਾਲ, ਪ੍ਰੋਫੈਸਰ, ਸਿੱਖਿਆ ਵਿਭਾਗ, ਦਿੱਲੀ ਯੂਨਿਵਰਸਿਟੀ, ਨਵੀਂ ਦਿੱਲੀ।
ਆਸ਼ਾ ਕਾਲਾ, ਪ੍ਰਾਇਮਰੀ ਅਧਿਆਪਿਕਾ, ਦਿੱਲੀ ਨਗਰ ਨਿਗਮ ਸਕੂਲ, ਗ੍ਰਿਸ਼ੀ ਵਿਹਾਰ, ਜੀ. ਕੇ.-1, ਨਵੀਂ ਦਿੱਲੀ।
ਅਸਮਿਤਾ ਵਰਮਾ, ਪ੍ਰਾਇਮਰੀ ਅਧਿਆਪਿਕਾ, ਨਵਯੁਗ ਸਕੂਲ, ਲੋਧੀ ਰੋਡ, ਨਵੀਂ ਦਿਲੀ ਭਾਵਨਾ, ਲੇਕਚਰਰ, ਪ੍ਰਾਇਮਰੀ ਸਿੱਖਿਆ ਵਿਭਾਗ, ਗਾਰਗੀ ਕਾਲਜ, ਨਵੀਂ ਦਿੱਲੀ।
ਭਾਵਨਾ, ਲੈਕਚਰਰ, ਪ੍ਰਾਇਮਰੀ ਸਿੱਖਿਆ ਵਿਭਾਗ, ਗਾਰਗੀ ਕਾਲਜ, ਨਵੀਂ ਦਿੱਲੀ।
ਧਰਮ ਪ੍ਰਕਾਸ਼, ਪ੍ਰੋਫੈਸਰ, ਸੀ ਆਈ ਈ ਟੀ., ਐਨ ਸੀ ਈ ਆਰ ਟੀ., ਨਵੀਂ ਦਿੱਲੀ।
ਪ੍ਰੀਤੀ ਚੱਢਾ ਸਾਧ, ਪ੍ਰਾਇਮਰੀ ਅਧਿਆਪਿਕਾ, ਬੇਸਿਕ ਸਕੂਲ, ਸੀ ਆਈ ਈ. ਦਿੱਲੀ ਯੂਨਿਵਰਸਿਟੀ, ਦਿੱਲੀ
ਸੁਨੀਤਾ ਮਿਸ਼ਰਾ, ਪ੍ਰਾਇਮਰੀ ਅਧਿਆਪਿਕਾ, ਨਗਰ ਪਾਲਿਕਾ ਪ੍ਰਾਇਮਰੀ ਸਕੂਲ, ਸਰੋਜਨੀ ਨਗਰ, ਨਵੀਂ ਦਿੱਲੀ।

**ਹਿੰਦੀ ਅਨੁਵਾਦ** - ਮੰਜੁਲਾ ਮਾਥੁਰ, ਸੀ ਆਈ ਈ ਟੀ., ਐਨ ਸੀ ਈ ਆਰ ਟੀ, ਨਵੀਂ ਦਿੱਲੀ।
ਅਜੇ ਕੁਮਾਰ ਸਿੰਘ ਲੈਕਚਰਾਰ, ਮਹਾਂ ਰਿਸ਼ੀ ਬਾਲਮਿਕੀ ਕਾਲਜ ਆਫ ਐਜੂਕੇਸ਼ਨ
ਦਿੱਲੀ ਯੂਨੀਵਰਸਿਟੀ, ਦਿੱਲੀ।

**ਮੈਂਬਰ ਸੰਯੋਜਕ** - ਸੁਰਜਾ ਕੁਮਾਰੀ, ਪ੍ਰੋਫ਼ੈਸਰ ਪ੍ਰਾਇਮਰੀ ਸਿੱਖਿਆ ਵਿਭਾਗ
ਐਨ ਸੀ ਈ ਆਰ ਟੀ, ਨਵੀਂ ਦਿੱਲੀ।



## ਚਿੱਤਰ ਅਤੇ ਡਿਜਾਈਨ ਟੀਮ


ਸ਼੍ਰੀ ਵੀ ਕਲਿਆਣ, ਚੇਨੰਈ
ਅਨੀਤਾ ਵਰਮਾ, ਦਿੱਲੀ
ਤਾਪੋਸ਼ੀ ਘੋਸ਼ਾਲ, ਨਵੀਂ ਦਿੱਲੀ
ਵੰਦਨਾ ਬਿਸ਼ਟ, ਨਵੀਂ ਦਿੱਲੀ
ਰਾਜੀਵ ਗੌਤਮ, ਸਟਰੀਟ ਸਰਵਾਈਵਰਸ
ਮੁਰਸ਼ੀਦਾਬਾਦ, ਪੱਛਮ ਬੰਗਾਲ
ਰਾਜਾ ਮੋਹੰਤੀ, ਇੰਡਸਟਰੀਅਲ ਡਿਜ਼ਾਇਨ ਸੈਂਟਰ

**ਨੋਟ :** ਇਸ ਪੁਸਤਕ ਵਿੱਚ * 'ਤੇ ਦਰਸਾਈ ਗਈ ਪਾਠ ਸਾਮੱਗਰੀ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕੇਵਲ ਪੰਜਾਬ ਰਾਜ ਦੇ ਵਿਦਿਆਰਥੀਆਂ ਲਈ ਸ਼ਾਮਿਲ/ਤਬਦੀਲ ਕੀਤੀ ਗਈ ਹੈ।

# ਗਣਿਤ ਦਾ ਜਾਦੂ

## ਇਸ ਕਿਤਾਬ ਦੇ ਅੰਦਰ ਕੀ ਹੈ?


1. ਕਿੱਥੋਂ ਦੇਖੀਏ 1
2. ਸੰਖਿਆਵਾਂ ਦੀ ਖੇਡ 13
3. ਕੁੱਝ ਲੈਣਾ ਕੁੱਝ ਦੇਣਾ 29
4. ਕੀ ਲੰਬਾ ਕੀ ਛੋਟਾ 46
5. ਅਕ੍ਰਿਤੀਆਂ ਦਾ ਕਮਾਲ 60
6. ਲੈਣ-ਦੇਣ ਦੀ ਖੇਡ 76
7. ਸਮੇਂ ਸਮੇਂ ਦੀ ਗੱਲ 95
8. ਕੌਣ ਕਿਸ ਤੋਂ ਭਾਰਾ ? 113




9. ਬੋਲੋ ਬਈ ਕਿੰਨੇ ਗੁਣਾ? 122

10. ਨਮੂਨਿਆਂ ਦੀ ਪਹਿਚਾਣ 144

11. ਜੱਗ ਅਤੇ ਮੱਗ 153

12. ਕਿਸ ਤਰ੍ਹਾਂ ਵੰਡੀਏ? 160

13. ਸਮਾਰਟ ਚਾਰਟ! 177

14. ਰੁਪਏ ਅਤੇ ਪੈਸੇ 190

# 1 ਕਿੱਥੋਂ ਦੇਖੀਏ





ਸਾਡੇ ਅਧਿਆਪਕ ਨੇ ਸਾਨੂੰ ਇੱਕ ਵਾਰ ਕਾਰ ਦਾ ਚਿੱਤਰ ਬਣਾਉਣ ਲਈ ਕਿਹਾ। ਅਸੀਂ ਸਭ ਨੇ ਕਾਰ ਦੇ ਵੱਖ ਵੱਖ ਚਿੱਤਰ ਮਜ਼ੇ ਨਾਲ ਬਣਾਏ।ਇੱਕ ਦੂਸਰੇ ਨੂੰ ਆਪਣੇ ਬਣਾਏ ਚਿੱਤਰ ਦਿਖਾਏ। ਉਸ ਵੇਲੇ ਅੰਸ਼ੁਲ ਨੇ ਹੱਸਣਾ ਸ਼ੁਰੂ ਕਰ ਦਿੱਤਾ। ਉਹ ਧੀਰਜ ਦੇ ਬਣਾਏ ਕਾਰ ਦੇ ਚਿੱਤਰ ਨੂੰ ਦੇਖ ਰਿਹਾ ਸੀ।




ਅੰਸ਼ੁਲ ਨੇ ਕਿਹਾ - ਇਹ ਤਾਂ ਇਸ ਤਰ੍ਹਾਂ ਲੱਗ ਰਿਹਾ ਹੈ ਜਿਸ ਤਰ੍ਹਾਂ ਇੱਕ ਵੱਡੇ ਬਕਸੇ ਵਿੱਚ ਛੋਟਾ ਬਕਸਾ ਰੱਖਿਆ ਹੋਵੇ। ਫਿਰ ਅੰਸ਼ੁਲ ਨੇ ਧੀਰਜ ਨੂੰ ਆਪਣਾ ਬਣਾਇਆ ਹੋਇਆ ਚਿੱਤਰ ਵਿਖਾਇਆ।

ਦੋਨਾਂ ਨੇ ਚਿੱਤਰ ਤਾਂ ਇੱਕ ਹੀ ਕਾਰ ਦਾ ਬਣਾਇਆ ਸੀ ਪਰ ਫਿਰ ਵੀ ਉਹਨਾਂ ਦੇ ਚਿੱਤਰ ਵੱਖ ਵੱਖ ਵਿਖਾਈ ਦੇ ਰਹੇ ਸਨ।

ਧੀਰਜ ਨੇ ਕਿਹਾ ਕਿ ਉਸ ਨੇ ਕਾਰ ਨੂੰ ਉੱਪਰ ਛੱਤ ਤੋਂ ਵੇਖਿਆ। ਕੀ ਤੁਹਾਨੂੰ ਲੱਗਦਾ ਹੈ ਕਿ ਉਸ ਦਾ ਬਣਾਇਆ ਹੋਇਆ ਅਜੀਬੋ-ਗਰੀਬ ਚਿੱਤਰ ਸਹੀ ਹੈ ?




- ਕੀ ਤੁਸੀਂ ਕਦੀ ਚੀਜ਼ਾਂ ਨੂੰ ਵੱਖ ਵੱਖ ਪਾਸਿਆਂ ਤੋਂ ਵੇਖਿਆ ਹੈ? ਕੀ ਇਹ ਚਾਰੇ ਪਾਸਿਉਂ ਇੱਕੋ ਜਿਹੀਆਂ ਲੱਗਦੀਆਂ ਹਨ ਜਾਂ ਵੱਖ ਵੱਖ ਲੱਗਦੀਆਂ ਹਨ?
- ਇਹਨਾਂ ਚਿੱਤਰਾਂ ਨੂੰ ਦੇਖੋ। ਕਿਨਾਰਿਆਂ ਤੋਂ ਮੇਜ਼ ਕਿਸ ਤਰ੍ਹਾਂ ਦਾ ਵਿਖਾਈ ਦਿੰਦਾ ਹੈ? ਕਿਹੜਾ ਚਿੱਤਰ, ਮੇਜ਼ ਨੂੰ ਉੱਪਰੋਂ ਵੇਖ ਕੇ ਬਣਾਇਆ ਗਿਆ ਹੈ?

ਹੇਠਾਂ ਕੁੱਝ ਚਿੱਤਰ ਬਣਾਏ ਗਏ ਹਨ। ਜ਼ਰਾ ਸੋਚੋ ਕਿ ਜਦ ਇਨ੍ਹਾਂ ਚੀਜ਼ਾਂ ਨੂੰ ਉੱਪਰੋਂ ਵੇਖਾਂਗੇ ਤਾਂ ਇਹ ਕਿਸ ਤਰ੍ਹਾਂ ਦੀਆਂ ਵਿਖਾਈ ਦੇਣਗੀਆਂ।



ਕੀ ਇਹ ਕੁੱਝ ਇਸ ਤਰ੍ਹਾਂ ਦੀਆਂ ਵਿਖਾਈ ਦੇਣਗੀਆਂ?




ਚਲੋ ਕੁੱਝ ਕੰਮ ਕਰੀਏ

ੳ) ਇੱਕ ਬਿੱਲੀ ਇੱਕ ਜਮਾਤ ਦੇ ਅੰਦਰ ਝਾਤੀ ਮਾਰ ਰਹੀ ਹੈ। ਉਹ ਜਮਾਤ ਵਿੱਚ ਅਧਿਆਪਕ ਨੂੰ ਲੱਭਣਾ ਚਾਹੁੰਦੀ ਹੈ। ਕੀ ਤੁਸੀਂ ਉਸ ਦੀ ਕੁੱਝ ਮਦਦ ਕਰ ਸਕਦੇ ਹੋ?




ਅ) ਹੇਠਾਂ ਕੁੱਝ ਵਸਤੂਆਂ ਦੇ ਚਿੱਤਰ ਦਿੱਤੇ ਗਏ ਹਨ। ਪਤਾ ਲਗਾਓ ਕਿ ਕਿਸ ਪਾਸੇ ਤੋਂ ਵੇਖਣ 'ਤੇ ਉਹ ਇਸ ਤਰ੍ਹਾਂ ਦੀਆਂ ਦਿਸਣਗੀਆਂ



ਪੌੜੀ



ਪੌੜੀ



ਮੇਜ਼



ਕੁਰਸੀ



ਪੈਨਸਿਲ




ਬੱਸ

ੲ) ਕੁੱਝ ਚੀਜ਼ਾਂ ਨੂੰ ਉੱਪਰੋਂ ਵੇਖੋ। ਉਹਨਾਂ ਦੇ ਚਿੱਤਰ ਬਣਾਓ ਅਤੇ ਆਪਣੇ ਦੋਸਤਾਂ/ ਸਾਥੀਆਂ ਨੂੰ ਪੁੱਛੋ ਕਿ ਇਹ ਕਿਹੜੀਆਂ ਚੀਜ਼ਾਂ ਦੇ ਚਿੱਤਰ ਹਨ।

# ਰੰਗੋਲੀ






ਹੇਠਾਂ ਦਿੱਤੇ ਗਏ ਬਿੰਦੂਆਂ ਦੀ ਮਦਦ ਨਾਲ ਤੁਸੀਂ ਵੀ ਰੰਗੋਲੀ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹੋ। ਇੱਥੇ ਰੰਗੋਲੀ ਦੇ ਦੋ ਚਿੱਤਰ ਦਿਖਾਏ ਗਏ ਹਨ।




## ਤੁਸੀਂ ਵੀ ਹੋਰ ਡਿਜ਼ਾਇਨ ਬਣਾਓ

1. ਹੇਠਾਂ ਦਿੱਤੀ ਗਈ ਖਾਲੀ ਥਾਂ 'ਤੇ ਇਹਨਾਂ ਆਕ੍ਰਿਤੀਆਂ ਨੂੰ ਫਿਰ ਤੋਂ ਬਣਾਓ। ਧਿਆਨ ਦਿਓ ਕਿ ਅਕ੍ਰਿਤੀਆਂ ਵਿੱਚ ਕੁੱਝ ਰੇਖਾਵਾਂ ਸਿੱਧੀਆਂ ਹਨ ਅਤੇ ਕੁੱਝ ਨਹੀਂ।






2. ਹੇਠਾਂ ਦਿੱਤੇ ਬਿੰਦੂਆਂ ਨਾਲ ਆਪਣੀ ਪਸੰਦ ਦੀਆਂ ਆਕ੍ਰਿਤੀਆਂ ਅਤੇ ਡਿਜ਼ਾਇਨ ਬਣਾਓ।




3. ਹੇਠਾਂ ਛੇ ਅਧੂਰੇ ਵਰਗ ਅਤੇ ਆਇਤ ਹਨ। ਬਿੰਦੂਆਂ ਨੂੰ ਮਿਲਾਉਂਦੇ ਹੋਏ ਇਹਨਾਂ ਨੂੰ ਪੂਰਾ ਕਰੋ।



4. ਹੇਠਾਂ ਦਿੱਤੇ ਗਏ ਬਿੰਦੂਆਂ ਦੀ ਵਰਤੋਂ ਕਰਦੇ ਹੋਏ ਬਣਾਓ -

(ੳ) ਇੱਕ ਪਤੰਗ (ਅ) ਇੱਕ ਪੱਤਾ (ੲ) ਇੱਕ ਫੁੱਲ

(ਸ) ਇੱਕ ਕਿਸ਼ਤੀ (ਹ) ਇੱਕ ਤਾਰਾ (ਕ) ਇੱਕ ਬਰਤਨ



ਕਿਸ ਚੀਜ਼ ਨੂੰ ਕਿੱਥੋਂ ਵੇਖਿਆ ਗਿਆ ਹੈ, ਚਿੱਤਰ ਉਸੇ ਹਿਸਾਬ ਨਾਲ ਬਦਲਦਾ ਹੈ। ਸ਼ੁਰੂ ਦੇ ਪੰਨਿਆਂ 'ਤੇ ਇਹੀ ਦਿਖਾਇਆ (ਦਰਸਾਇਆ) ਗਿਆ ਹੈ। ਕਿਸੇ ਠੋਸ ਵਸਤੂ ਦੇ ਤਿੰਨ ਪਸਾਰ ਹੁੰਦੇ ਹਨ। ਜਦ ਉਸਦਾ ਚਿੱਤਰ ਬਣਾਉਂਦੇ ਹਾਂ ਤਾਂ ਉਸ ਨੂੰ ਦੋ ਪਸਾਰਾਂ ਵਿੱਚ ਬਦਲਣਾ ਹੁੰਦਾ ਹੈ। ਬਿੰਦੂਆਂ ਦੇ 'ਗਰਿੱਡ' 'ਤੇ ਆਕ੍ਰਿਤੀਆਂ ਬਣਾਉਣ ਨਾਲ ਸਮਰੂਪਤਾ ਦੀ ਸਮਝ ਵਿਕਸਿਤ ਹੋਵੇਗੀ। ਸਮਰੂਪਤਾ ਮਤਲਬ ਸਮਾਨ ਰੂਪ। ਚਿੱਤਰ ਨੂੰ ਘੁਮਾਉਣ, ਖਿਸਕਾਉਣ ਜਾਂ ਸ਼ੀਸ਼ੇ ਵਿੱਚ ਦੇਖਣ ਤੇ ਸਮਰੂਪਤਾ ਕਿਵੇਂ ਦਿਖਾਈ ਦਿੰਦੀ ਹੈ, ਇਸ ਤੱਥ ਨੂੰ ਅਧਿਆਇ ਪੰਜਵੇਂ ਅਤੇ ਦਸਵੇਂ ਵਿੱਚ ਵੀ ਲਿਆ ਗਿਆ ਹੈ।

# ਜੈਸੇ ਨੂੰ ਤੈਸਾ

ਇੱਕ ਦਿਨ ਅਮੀਨਾ ਇੱਕ ਚਿੱਤਰਕਾਰ ਨੂੰ ਮਿਲੀ।





ਕੁੱਝ ਸਮੇਂ ਬਾਅਦ ਚਿੱਤਰਕਾਰ ਨੇ ਉਸ ਨੂੰ ਆਪਣਾ ਬਣਾਇਆ ਹੋਇਆ ਚਿੱਤਰ ਵਿਖਾਇਆ।




ਅਮੀਨਾ ਨੇ ਉਸ ਨੂੰ 100 ਰੁਪਏ ਦਾ ਇੱਕ ਨੋਟ ਦਿੱਤਾ



ਚਿੱਤਰਕਾਰ ਨੇ ਕਈ ਚਿੱਤਰ ਬਣਾਏ ਜਿਸ ਵਿੱਚ ਉਸ ਨੇ ਉਹਨਾਂ ਚੀਜ਼ਾਂ (ਵਸਤੂਆਂ) ਦੇ ਅੱਧੇ ਹਿੱਸੇ ਨੂੰ ਹੀ ਬਣਾਇਆ। ਇਹਨਾਂ ਚਿੱਤਰਾਂ ਦੇ ਬਾਕੀ ਬਚੇ ਹਿੱਸਿਆ ਨੂੰ ਬਣਾਓ ਅਤੇ ਦੱਸੋ ਕਿ ਇਹ ਕਿਹੜੀਆਂ ਚੀਜ਼ਾਂ ਦੇ ਚਿੱਤਰ ਹਨ। ਇਸ ਲਈ ਸ਼ੀਸ਼ੇ ਦੀ ਮਦਦ ਲਈ ਜਾ ਸਕਦੀ ਹੈ।




ਕੀ ਅਸੀਂ ਹੇਠਾਂ ਦਿੱਤੀਆਂ ਗਈਆਂ ਵਸਤੂਆਂ ਦੇ ਚਿੱਤਰ ਬਣਾਉਂਦੇ ਸਮੇਂ ਚਿੱਤਰਕਾਰ ਦਾ ਤਰੀਕਾ ਵਰਤ ਸਕਦੇ ਹਾਂ?



ਤੁਸੀਂ ਚਿੱਤਰਕਾਰ ਨੂੰ ਇਹੋ ਜਿਹੀਆਂ ਚੀਜ਼ਾਂ ਦੇ ਚਿੱਤਰ ਬਣਾਉਣ ਲਈ ਕਹੋ ਜਿੰਨ੍ਹਾਂ ਨੂੰ ਇੱਕੋ ਜਿਹੇ ਦੋ ਬਰਾਬਰ ਹਿੱਸਿਆਂ ਵਿੱਚ ਨਾ ਵੰਡਿਆ ਜਾ ਸਕੇ। ਹੁਣ ਉਸ ਦਾ ਸ਼ੀਸ਼ੇ ਵਾਲਾ ਉਪਾਅ (ਢੰਗ) ਨਹੀਂ ਚੱਲੇਗਾ। ਤਿੰਨ ਹੋਰ ਇਹੋ ਜਿਹੀਆਂ ਵਸਤੂਆਂ ਦੇ ਚਿੱਤਰ ਬਣਾਓ ਜਿਨ੍ਹਾਂ ਨੂੰ ਸ਼ੀਸ਼ੇ ਦੇ ਵਿੱਚ ਚਿੱਤਰ ਦੀ ਤਰ੍ਹਾਂ ਦੋ ਬਰਾਬਰ ਹਿੱਸਿਆਂ ਵਿੱਚ ਨਾ ਵੰਡਿਆ ਜਾ ਸਕੇ।

## ਸ਼ੀਸ਼ੇ ਨਾਲ ਪੂਰਾ ਹੋਣ ਵਾਲਾ ਅੱਧਾ ਹਿੱਸਾ

ਇਹਨਾਂ ਚਿੱਤਰਾਂ ਨੂੰ ਦੇਖੋ। ਬਿੰਦੂਆਂ ਵਾਲੀ ਰੇਖਾ 'ਤੇ ਸ਼ੀਸ਼ਾ ਰੱਖ ਕੇ ਦੇਖਣ 'ਤੇ ਕੀ ਅੱਧਾ ਹਿੱਸਾ ਇਸ ਤਰ੍ਹਾਂ ਦਾ ਹੀ ਵਿਖਾਈ ਦੇਵੇਗਾ ਜਿਵੇਂ ਕਿ ਚਿੱਤਰ ਵਿੱਚ ਵਿਖਾਈ ਦਿੰਦਾ ਹੈ?




ਕੁੱਝ ਹੋਰ ਉਦਾਹਰਣਾਂ ਦਿਉ।

ਉੱਪਰ ਦਿੱਤੀਆਂ ਦੋ ਆਇਤਾਂ ਨੂੰ ਬਿੰਦੂਆਂ ਵਾਲੀ ਰੇਖਾ ਹਰੇਕ ਨੂੰ ਦੋ ਇੱਕੋ ਜਿਹੇ ਹਿੱਸਿਆਂ ਵਿੱਚ ਵੰਡਦੀ ਹੈ। ਪਰ ਧਿਆਨ ਦਿਓ ਕਿ ਇਹ ਸ਼ੀਸ਼ੇ ਵਿੱਚ ਦਿਖਾਈ ਦੇਣ ਵਾਲੇ ਚਿੱਤਰ ਵਰਗੇ ਨਹੀਂ ਹਨ?

ਕੀ ਤੁਸੀਂ ਹੇਠਾਂ ਦਿੱਤੇ ਗਏ ਚਿੱਤਰਾਂ ਨੂੰ ਬਿੰਦੂਆਂ ਵਾਲੀ ਰੇਖਾ ਦੀ ਸਹਾਇਤਾ ਨਾਲ ਦੋ ਇੱਕੋ ਜਿਹੇ ਹਿੱਸਿਆਂ ਵਿੱਚ ਵੰਡ ਸਕਦੇ ਹੋ?






ਇਨ੍ਹਾਂ ਅੱਖਰਾਂ ਦੀ ਵਰਤੋਂ ਕਰਕੇ ਅਸੀਂ ਇਸ ਤਰ੍ਹਾਂ ਦੇ ਸ਼ਬਦ ਵੀ ਬਣਾ ਸਕਦੇ ਹਾਂ ਜਿਨ੍ਹਾਂ ਨੂੰ ਦੋ ਸਮਾਨ (ਇੱਕੋ ਜਿਹੇ ) ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।



## ਮੁਖੌਟਾ ਬਣਾਉਣਾ



ਮੈਂ ਤੁਹਾਨੂੰ ਬਿੱਲੀ ਦਾ ਮੁਖੌਟਾ ਬਣਾਉਣਾ ਦੱਸਾਂ-----

ਕਾਗਜ਼ ਦਾ ਇੱਕ ਟੁਕੜਾ ਲਓ।

1. ਇਸ ਨੂੰ ਅੱਧ ਵਿੱਚੋਂ ਤਹਿ ਕਰੋ।




2. ਇੱਕ ਪਾਸੇ ਜਿਸ ਤਰ੍ਹਾਂ ਦੀ ਵਿਖਾਇਆ ਗਿਆ ਹੈ ਉਸ ਤਰ੍ਹਾਂ ਦਾ ਚਿੱਤਰ ਬਣਾਓ



3. ਇੱਕ ਕੈਂਚੀ ਨਾਲ ਇਸ ਨੂੰ ਕਿਨਾਰੇ-ਕਿਨਾਰੇ ਕੱਟੋ।




4. ਹੁਣ ਇਸ ਨੂੰ ਖੋਲ੍ਹੋ ਅਤੇ ਅੱਖ, ਨੱਕ, ਮੂੰਹ ਬਣਾਓ,



5. ਇਸ ਨੂੰ ਰੰਗਾਂ ਨਾਲ ਭਰ ਦਿਓ ਅਤੇ ਇਸ ਦੇ ਪਿੱਛੇ ਇੱਕ ਰਬੜ ਦਾ ਛੱਲਾ ਬੰਨ ਦਿਓ। ਤੁਹਾਡਾ ਮੁਖੌਟਾ ਤਿਆਰ ਹੈ।



ਹੇਠਾਂ ਦਿੱਤੀਆਂ ਗਈਆਂ ਚਿੱਤਰਾਂ ਦਾ ਸਹਾਇਤਾ ਨਾਲ ਤੁਸੀਂ ਕੁੱਝ ਹੋਰ ਮੁਖੌਟੇ ਬਣਾ ਸਕਦੇ ਹੋ।



# 2 ਸੰਖਿਆਵਾਂ ਦੀ ਖੇਡ





ਰਾਧਿਕਾ, ਗੌਰੀ, ਵਿੱਕੀ, ਇੰਦਰਾ ਅਤੇ ਸੁਨੀਲ ਇਮਲੀ ਦੇ ਬੀਜ ਇੱਕਠੇ ਕਰ ਰਹੇ ਸਨ।

- ਸਭ ਤੋਂ ਵੱਧ ਬੀਜ ____________ ਨੇ ਇੱਕਠੇ ਕੀਤੇ।
- ਸੁਨੀਲ __________ ਬੀਜ ਹੋਰ ਇੱਕਠੇ ਕਰੇਗਾ ਤਾਂ ਉਸ ਦੇ ਬੀਜ ਵਿੱਕੀ ਦੇ ਬਰਾਬਰ ਹੋ ਜਾਣਗੇ।
- ਜੇ ਰਾਧਿਕਾ ਨੂੰ 6 ਹੋਰ ਬੀਜ ਮਿਲ ਜਾਣ ਤਾਂ ਉਸ ਕੋਲ __________ ਬੀਜ ਹੋ ਜਾਣਗੇ।
- ਕਿੰਨੇ ਬੱਚਿਆਂ ਕੋਲ 40 ਤੋਂ ਵੱਧ ਬੀਜ ਹਨ ? ____________
- __________ ਨੂੰ ਹੋਰ 3 ਬੀਜ ਚਾਹੀਦੇ ਹਨ ਤਾਂ ਜੋ ਉਸ ਕੋਲ ਪੂਰੇ 50 ਬੀਜ ਹੋ ਜਾਣ।
- ਸੁਨੀਲ ਦੇ ਕੋਲ 40 ਤੋਂ 2 ਬੀਜ ਘੱਟ ਹਨ ਅਤੇ __________ ਕੋਲ 40 ਤੋਂ 2 ਬੀਜ ਵੱਧ ਹਨ।

## ਬਿੰਦੀਆਂ ਦੀ ਖੇਡ

ਅੰਦਾਜ਼ਾ ਲਗਾਓ ਕਿ ਚੱਕਰ ਦੇ ਅੰਦਰ ਕਿੰਨੀਆਂ ਬਿੰਦੀਆਂ ਹਨ। ਹੁਣ ਇਨ੍ਹਾਂ ਨੂੰ ਗਿਣੋ ਅਤੇ ਵੇਖੋ ਕਿ ਤੁਹਾਡਾ ਅੰਦਾਜ਼ਾ ਕਿੰਨਾ ਸਹੀ ਹੈ। ਵੱਖ-ਵੱਖ ਚੱਕਰ ਬਣਾ ਕੇ ਇਹ ਖੇਡ ਆਪਣੇ ਦੋਸਤਾਂ ਨਾਲ ਖੇਡੋ ਅਤੇ ਵੇਖੋ ਕਿ ਕੌਣ ਸਭ ਤੋਂ ਵਧੀਆ ਅੰਦਾਜ਼ਾ ਲਗਾਉਂਦਾ ਹੈ।




ਬੱਚਿਆਂ ਨਾਲ ਇਹੋ ਜਿਹੇ ਕੁੱਝ ਰੋਚਕ ਅਭਿਆਸ ਕਰਨ ਦੀ ਜ਼ਰੂਰਤ ਹੈ ਜਿਸ ਵਿੱਚ ਉਹ ਦੇਖ ਕੇ ਅੰਦਾਜ਼ਾ ਲਾ ਸਕਣ ਭਾਵੇਂ ਕੁੱਝ ਚੀਜ਼ਾਂ ਬੇਤਰਤੀਬ ਢੰਗ ਨਾਲ ਰੱਖੀਆਂ ਹੋਣ ਜਾਂ ਸਮੂਹ ਵਿੱਚ । ਅੰਦਾਜ਼ੇ ਦੇ ਅਭਿਆਸ ਲਈ ਅਧਿਆਪਕ ਇਹੋ ਜਿਹੇ ਕਈ ਰੋਚਕ ਉਦਾਹਰਣ ਸੋਚ ਸਕਦੇ ਹਨ ਜਿਵੇਂ ਬਜ਼ਾਰ ਵਿੱਚ ਵਿਕਣ ਵਾਲੀ ਤਾਸ਼ ਦੇ ਪੱਤਿਆਂ ਦੀ ਗੁੱਟੀ, ਸਕੂਲ ਦੀ ਸਭਾ, ਮੈਦਾਨ ਵਿੱਚ ਜਮ੍ਹਾਂ ਭੀੜ, ਟੋਕਰੀਆਂ ਅਤੇ ਚਟਾਈਆਂ 'ਤੇ ਬਣੇ ਡਿਜ਼ਾਇਨ ਆਦਿ। ਇਨ੍ਹਾਂ ਅਭਿਆਸਾਂ ਵਿੱਚ ਬੱਚੇ ਵੱਖ-ਵੱਖ ਸੰਖਿਆਵਾਂ ਬਾਰੇ ਸੋਚਣਗੇ, ਅੰਦਾਜ਼ਾ ਲਗਾਉਣਗੇ। ਇਸ ਕਿਤਾਬ ਵਿੱਚ ਕਈ ਜਗ੍ਹਾ ਕੀੜੀ ਆ ਕੇ ਬੱਚਿਆਂ ਨੂੰ ਅੰਦਾਜ਼ਾ ਲਗਾਉਣ ਦੀ ਗੱਲ ਕਹਿੰਦੀ ਹੈ।



## ਧੋਨੀ ਦਾ 'ਸੈਂਕੜਾ'

ਭਾਰਤ ਅਤੇ ਦੱਖਣੀ ਅਫਰੀਕਾ ਵਿਚਕਾਰ ਇੱਕ ਦਿਨ ਦਾ ਕ੍ਰਿਕਟ ਮੈਚ ਗੁਹਾਟੀ ਵਿੱਚ..... , ਭਾਰਤ ਪਹਿਲਾਂ ਬੱਲੇਬਾਜ਼ੀ ਕਰ ਰਿਹਾ ਹੈ.....




ਹੇਠ ਦਿੱਤੀਆਂ ਗਈਆਂ ਖਾਲੀ ਥਾਂਵਾਂ ਨੂੰ ਭਰੋ:

ਧੋਨੀ ਨੇ 96 + _______ = _______ ਦੌੜਾਂ ਬਣਾਈਆਂ।

ਇਨ੍ਹਾਂ ਖਿਡਾਰੀਆਂ ਨੂੰ ਸੈਂਕੜੇ ਬਣਾਉਣ ਲਈ ਕਿੰਨੀਆਂ ਦੌੜਾਂ ਦੀ ਲੋੜ ਹੋਵੇਗੀ?

| | ਦੌੜਾਂ ਬਣਾਈਆਂ | ਸੈਂਕੜਾ ਬਣਾਉਣ ਲਈ ਦੌੜਾਂ ਦੀ ਲੋੜ |
|---|---|---|
| ਖਿਡਾਰੀ 1 | 93 | _______ |
| ਖਿਡਾਰੀ 2 | 97 | _______ |
| ਖਿਡਾਰੀ 3 | 89 | _______ |
| ਖਿਡਾਰੀ4 | 99 | _______ |

ਸੰਖਿਆਵਾਂ ਦੀ ਸਮਝ ਸਿਰਫ ਲਗਾਤਾਰ ਗਿਣਤੀ ਬੋਲ ਕੇ ਨਹੀਂ ਸਗੋਂ ਉਨ੍ਹਾਂ ਨੂੰ ਜਾਣੀਆਂ ਪਛਾਣੀਆਂ ਪਰਿਸਥਿਤੀਆਂ ਨਾਲ ਜੋੜ ਕੇ ਵਿਕਸਿਤ ਹੁੰਦੀ ਹੈ। "ਸੈਂਕੜਾ" ਦੌੜਾਂ ਬਣਾਉਣ ਦੀ ਪਰਿਸਥਤੀ ਵਿੱਚ ਵਰਤਿਆ ਗਿਆ ਹੈ। ਅਧਿਆਪਕ ਤਿੰਨ ਅੰਕਾਂ ਦੀ ਸੰਖਿਆਵਾਂ ਲਈ ਬੱਚਿਆਂ ਦੀ ਜ਼ਿੰਦਗੀ ਨਾਲ ਜੁੜੀਆਂ ਇਹੋ ਜਿਹੀਆਂ ਉਦਾਹਰਣਾਂ ਸੋਚ ਸਕਦੇ ਹਨ। ਬੱਚਿਆਂ ਨੂੰ ਇਹੋ ਜਿਹੀਆਂ ਵੱਡੀਆਂ ਸੰਖਿਆਵਾਂ ਬੋਲਣ ਲਈ ਉਤਸ਼ਾਹਿਤ ਕਰੋ ਜਿਹੜੀਆਂ ਉਹ ਅਜੇ ਪੜ੍ਹ ਅਤੇ ਲਿਖ ਨਹੀਂ ਸਕਦੇ।




ਖਾਲੀ ਥਾਂਵਾਂ ਭਰੋ :

| 99-112 | | 195-206 | |
|---|---|---|---|
| ਸੰਖਿਆ (ਅੰਕਾਂ ਵਿੱਚ) | ਸੰਖਿਆ (ਸ਼ਬਦਾਂ ਵਿੱਚ) | ਸੰਖਿਆ (ਅੰਕਾਂ ਵਿੱਚ) | ਸੰਖਿਆ (ਸ਼ਬਦਾਂ ਵਿੱਚ) |
| 99 | ਨੜਿਨਵੇਂ | 195 | ਇੱਕ ਸੌ ਪਚਾਨਵੇਂ |
| 100 | ਇੱਕ ਸੌ | 196 | ਇੱਕ ਸੌ ਛਿਆਨਵੇਂ |
| 101 | ਇੱਕ ਸੌ ਇੱਕ | 197 | ਇੱਕ ਸੌ ਸਤਾਨਵੇਂ |
| 102 | ________ | 198 | ਇੱਕ ਸੌ ਅਠਾਨਵੇਂ |
| 103 | ਇੱਕ ਸੌ ਤਿੰਨ | ____ | ਇੱਕ ਸੌ ਨੜਿਨਵੇਂ |
| 104 | ਇੱਕ ਸੌ ਚਾਰ | 200 | ਦੋ ਸੌ |
| ____ | ਇੱਕ ਸੌ ਪੰਜ | 201 | ਦੋ ਸੌ ਇੱਕ |
| 106 | ਇੱਕ ਸੌ ਛੇ | ____ | ________ |
| 107 | ________ | 203 | ਦੋ ਸੌ ਤਿੰਨ |
| ____ | ਇੱਕ ਸੌ ਅੱਠ | ____ | ਦੋ ਸੌ ਚਾਰ |
| 109 | ਇੱਕ ਸੌ ਨੌਂ | 205 | ਦੋ ਸੌ ਪੰਜ |
| 110 | ਇੱਕ ਸੌ ਦਸ | 206 | ________ |
| 111 | ਇੱਕ ਸੌ ਗਿਆਰਾਂ | | |
| ____ | ਇੱਕ ਸੌ ਬਾਰਾਂ | | |

ਓਹ! 206! ਅੰਦਾਜ਼ਾ ਲਗਾਓ ਕਿ ਤੀਜਾ ਸੈਂਕੜਾ ਬਣਾਉਣ ਲਈ ਹੋਰ ਦੌੜਾਂ ਚਾਹੀਦੀਆਂ ਹਨ?



## ਵਿਸ਼ਵ ਕੱਪ ਕ੍ਰਿਕਟ ਦੇ ਸਭ ਤੋਂ ਵੱਡੇ ਦਸ ਸਕੋਰ




| ਖਿਡਾਰੀ | ਸਕੋਰ |
|---|---|
| ਏ.ਪੀ.ਜੇ. | 128 |
| ਏ. ਐਸ | 100 |
| ਸੀ. ਕੇ. | 99 |
| ਡੀ. ਐਮ. | 162 |
| ਕੇ.ਐਸ.ਪੀ | 152 |

| ਖਿਡਾਰੀ | ਸਕੋਰ |
|---|---|
| ਐਮ. ਡੀ | 178 |
| ਪੀ.ਕੇ. | 105 |
| ਐਸ. ਟੀ. | 141 |
| ਏ.ਪੀ.ਕੇ | 112 |
| ਵੀ. ਵੀ. ਐਸ | 127 |




* ਸੀ.ਕੇ. ਸੈਂਕੜੇ ਤੱਕ ਪਹੁੰਚਦੇ-ਪਹੁੰਚਦੇ ਰਹਿ ਗਿਆ। ਉਸ ਨੂੰ ਇੱਕ ਸੈਂਕੜਾ ਬਣਾਉਣ ਲਈ ਹੋਰ ਕਿੰਨੀਆਂ ਦੌੜਾਂ ਚਾਹੀਦੀਆਂ ਸਨ ? ________
* ________ ਅਤੇ ________ ਨੇ ਲਗਭਗ ਬਰਾਬਰ ਦੌੜਾਂ ਬਣਾਈਆਂ।
* ________ ਨੇ ਇੱਕ ਪੂਰਾ ਸੈਂਕੜਾ ਬਣਇਆ, ਨਾ ਘੱਟ, ਨਾ ਜ਼ਿਆਦਾ ।
* ਕਿਸ ਬੱਲੇਬਾਜ਼ ਦੁਆਰਾ ਬਣਾਈਆਂ ਗਈਆਂ ਦੌੜਾਂ ਸਭ ਤੋਂ ਵੱਧ ਹਨ ? ________
* ________ ਅਤੇ ________ ਦੇ ਵਿੱਚ ਬਣਾਈਆਂ ਗਈਆਂ ਦੌੜਾਂ ਦਾ ਅੰਤਰ ਸਿਰਫ਼ ਇੱਕ ਸੀ।
* ________ ਨੇ ਇੱਕ ਸੈਂਕੜਾ ਅਤੇ ਅਰਧ -ਸੈਂਕੜੇ ਤੋਂ ਦੋ ਦੌੜਾਂ ਜ਼ਿਆਦਾ ਬਣਾਈਆਂ।





10 ਦੀ ਗਿਣਤੀ ਵਿੱਚ

| | | | |
|---|---|---|---|
| 10 | 110 | 310 | ___ |
| 20 | ___ | ___ | 720 |
| 30 | ___ | ___ | ___ |
| ___ | ___ | ___ | ___ |
| ___ | ___ | ___ | ___ |
| ___ | ___ | ___ | ___ |
| ___ | ___ | ___ | ___ |
| ___ | ___ | ___ | 780 |
| ___ | 190 | ___ | ___ |
| 100 | 200 | 400 | ___ |





50 ਦੀ ਗਿਣਤੀ ਵਿੱਚ

| | |
|---|---|
| 200 | 550 |
| 250 | ___ |
| ___ | 650 |
| 350 | ___ |
| ___ | 750 |
| ___ | ___ |
| 500 | 850 |

* ਇਸ ਤਰ੍ਹਾਂ ਤੁਸੀਂ ਕਿੱਥੇ ਤੱਕ ਜਾ ਸਕਦੇ ਹੋ?
* ਉਹ ਸਭ ਤੋਂ ਵੱਡੀ ਸੰਖਿਆ ਕਿਹੜੀ ਹੈ ਜਿਹੜੀ ਤੁਸੀਂ ਬੋਲ ਸਕਦੇ ਹੋ? ___


## ਰੰਗ ਬਿਰੰਗੀਆਂ ਸੰਖਿਆਵਾਂ

| | | | | |
|---|---|---|---|---|
| 744 | 810 | 45 | 401 | 54 |
| 555 | 374 | 171 | 261 | 159 |
| 656 | 140 | 179 | 891 | 16 |
| 195 | 155 | 410 | 159 | 685 |
| 454 | 136 | 60 | 74 | 699 |
| 800 | 445 | 642 | 202 | 943 |

ਹੇਠਾਂ ਲਿਖੀਆਂ ਸੰਖਿਆਵਾਂ ਨੂੰ ਉੱਪਰ ਦਿੱਤੇ ਗਏ ਚਾਰਟ ਵਿੱਚ ਲੱਭ ਕੇ ਰੰਗੋ।

| ਹਰਾ | ਲਾਲ | ਪੀਲਾ |
|---|---|---|
| ਇੱਕ ਸੌ ਚਾਲੀ | ਚੁਰੰਜਾ | ਚਾਰ ਸੌ ਪੰਤਾਲੀ |
| ਦੋ ਸੌ ਦੋ | ਸੱਠ | ਸੋਲ੍ਹਾਂ |
| ਦੋ ਸੌ ਇਕਾਹਠ | ਇੱਕ ਸੌ ਪਚਾਨਵੇਂ | ਇੱਕ ਸੌ ਉਨਾਹਠ |
| ਅਠ ਸੌ | ਪੰਜ ਸੌ ਪੰਚਵੰਜਾ | ਛੇ ਸੌ ਪੰਜਾਸੀ |
| 300 + 70 + 4 | 600 + 40 + 2 | 600 + 90 + 9 |
| 600 + 50 + 6 | 100 + 70 + 9 | 70 + 4 |
| 5 + 50 + 100 | 800 + 10 | 1 + 90 + 80 |

## ਇਹ ਚਲੇ ਕੁੱਦਦੇ ਟੱਪਦੇ...




ਗਬਰੂ, ਬੰਨੀ ਅਤੇ ਟਰਰੂ


ਮਜ਼ੇ ਮਜ਼ੇ ਨਾਲ ਸਾਰੇ ਰਸਤੇ ਕੁੱਦਦੇ ਟੱਪਦੇ ਚੱਲੇ ।
ਗਬਰੂ ਹਰ ਸੱਤਵੇਂ ਖਾਨੇ ਵਿੱਚ ਛਾਲ ਮਾਰ ਰਿਹਾ ਸੀ, ਬੰਨੀ ਹਰ ਪੰਜਵੇਂ ਖਾਨੇ ਵਿੱਚ ਛਾਲ ਮਾਰ ਰਹੀ ਸੀ, ਟਰਰੂ ਹਰ ਚੌਥੇ ਖਾਨੇ ਵਿੱਚ ਛਾਲ ਮਾਰ ਰਿਹਾ ਸੀ ।

ਗਬਰੂ ਨੇ 90 ਵਾਲੇ ਖਾਨੇ ਤੋਂ ਟੱਪਣਾ ਸ਼ੁਰੂ ਕੀਤਾ।

ਬੰਨੀਂ ਨੇ 99 ਵਾਲੇ ਖਾਨੇ ਤੋਂ ਟੱਪਣਾ ਸ਼ੁਰੂ ਕੀਤਾ।

ਟਰਰੂ ਨੇ 106 ਵਾਲੇ ਖਾਨੇ ਤੋਂ ਟੱਪਣਾ ਸ਼ੁਰੂ ਕੀਤਾ।






ਬੰਨੀ ਦੀ ਦਸਵੀਂ ਛਾਲ ____________ ਵਾਲੇ ਖਾਨੇ 'ਤੇ ਹੈ ।

ਟਰਰੂ ਦੀ ਦਸਵੀਂ ਛਾਲ ____________ ਵਾਲੇ ਖਾਨੇ 'ਤੇ ਹੈ ।

ਗਬਰੂ ਦੀ ਦਸਵੀਂ ਛਾਲ ____________ ਵਾਲੇ ਖਾਨੇ 'ਤੇ ਹੋਵੇਗੀ ।

ਗਬਰੂ ਅਤੇ ਬੰਨੀ ਦੋਨੋਂ ਹੀ 104 ਅਤੇ ______ ਵਾਲੇ ਖਾਨੇ ਵਿੱਚ ਛਾਲ ਮਾਰਨਗੇ ।

**ਪਤਾ ਕਰੋ**

- ਟਰਰੂ ਅਤੇ ਬੰਨੀ ਦੋਨੋਂ ਹੀ ______, ____, ____ ਅਤੇ ______ ਖਾਨੇ 'ਤੇ ਛਾਲ ਮਾਰਨਗੇ।
- ਕੀ ਕੋਈ ਇਸ ਤਰ੍ਹਾਂ ਦਾ ਖਾਨਾ ਹੈ ਜਿਸ ਵਿੱਚ ਤਿੰਨੋਂ ਛਾਲ ਮਾਰਨਗੇ ? ______
- ਅੰਦਾਜ਼ਾ ਲਗਾਓ ਕਿ ਇੰਨ੍ਹਾਂ ਵਿੱਚੋਂ ਕਿਹੜਾ ਸਭ ਨਾਲੋਂ ਘੱਟ ਛਾਲਾਂ ਵਿੱਚ ਅਖੀਰ ਤੱਕ ਪਹੁੰਚੇਗਾ ? __________ ਛਾਲ ਮਾਰੇਗਾ __________ ਵੀਂ ਛਾਲ ਵਿੱਚ ?

## ਕਲਾਸ, ਟੱਪੋ !




2 ਕਦਮ ਅੱਗੇ ਛਾਲ ਮਾਰੋ

104, 106, 108, ______, ______, ______, ______,

2 ਕਦਮ ਪਿੱਛੇ ਛਾਲ ਮਾਰੋ

262, 260, 258, ______, ______, ______, ______

10 ਕਦਮ ਅੱਗੇ ਛਾਲ ਮਾਰੋ

110, 120, 130, ______, ______, ______, ______

10 ਕਦਮ ਪਿੱਛੇ ਛਾਲ ਮਾਰੋ

200, 190, 180, ______, ______, ______, ______

ਇਸ ਪੈਟਰਨ ਨੂੰ ਅੱਗੇ ਵਧਾਓ

550, 560, 570, ______, ______, ______, ______

910, 920, 930, 940, ______, ______, ______, ______

209, 207, 205, ______, ______, ______, ______

401, 402, 403, ______, ______, ______, ______






## ਅਨੋਖੀ ਦੁਕਾਨ


ਇਹ ਜੰਗਲ ਦੀ ਇੱਕ ਦੁਕਾਨ ਹੈ। ਮਨਮੌਜ਼ੀ ਦੁਕਾਨਦਾਰ ਸਿਰਫ਼ ਦਸ ਅਤੇ ਸੌ ਦੀਆਂ ਥੈਲੀਆਂ ਵਿੱਚ ਸਮਾਨ ਦਿੰਦਾ ਹੈ। ਦਸ ਤੋਂ ਘੱਟ ਹੋਣ 'ਤੇ ਖੁਲੀਆਂ ਚੀਜ਼ਾਂ ਦਿੰਦਾ ਹੈ।





ਪਤਾ ਲਗਾਓ ਕਿ ਵੱਖ-ਵੱਖ ਜਾਨਵਰਾਂ ਨੇ ਦਸ ਅਤੇ ਸੌ ਦੀਆਂ ਕਿੰਨੀਆਂ-ਕਿੰਨੀਆਂ ਥੈਲੀਆਂ ਲਈਆਂ ਅਤੇ ਕਿੰਨੀਆਂ ਚੀਜ਼ਾਂ ਖੁੱਲੀਆਂ ਲਈਆਂ

| | | *100* ਦੀਆਂ ਥੈਲੀਆਂ | *10* ਦੀਆਂ ਥੈਲੀਆਂ | ਖੁੱਲੀਆਂ ਹੋਈਆਂ ਚੀਜ਼ਾਂ |
|---|---|---|---|---|
|  | 143 |  |  |  |
|  | 210 | ____ | ____ | ____ |
|  | 242 | ____ | ____ | ____ |
|  | 552 | ____ | ____ | ____ |

ਇਹ ਦੁਕਾਨਦਾਰ ਰਕਮ ਵੀ ਇੱਕ ਮਨਮੌਜੀ ਢੰਗ ਨਾਲ ਲੈਂਦਾ ਹੈ। ਉਹ ਸਿਰਫ਼  ਦਾ ਨੋਟ  ਦਾ ਨੋਟ ਅਤੇ  ਦਾ ਸਿੱਕਾ ਲੈਂਦਾ ਹੈ। ਹੁਣ ਪਤਾ ਕਰੋ ਕਿ ਇਨ੍ਹਾਂ ਜਾਨਵਰਾਂ ਨੇ ਜੋ ਕੁੱਝ ਖਰੀਦਿਆ ਹੈ ਉਸ ਦਾ ਮੁੱਲ ਉਹ ਕਿਸ ਤਰ੍ਹਾਂ ਦੇਣਗੇ।



420 ਰੁਪਏ



143 ਰੁਪਏ



242 ਰੁਪਏ



55 ਰੁਪਏ

**ਮੈਂ ਕੌਣ ਹਾਂ ? ਮੇਰਾ ਸੰਖਿਆ ਨਾਲ ਮਿਲਾਨ ਕਰੋ ।**


| | |
|---|---|
| 1. ਮੈਂ 40 ਓਤੇ 50 ਦੇ ਵਿੱਚ ਆਉਂਦਾ ਹਾਂ ਅਤੇ ਮੈਨੂੰ ਲਿਖਣ ਵਿਚ ਇੱਕ ਪੰਜ ਆਉਂਦਾ ਹੈ | 96 |
| 2. ਮੈਂ 90 ਦੇ ਬਹੁਤ ਨੇੜੇ ਹਾਂ ਅਤੇ ਮੈਨੂੰ ਲਿਖਣ ਵਿੱਚ ਇੱਕ 9 ਆਉਂਦਾ ਹੈ | 150 |
| 3. ਜੇ ਮੇਰੇ ਬਾਅਦ ਤੁਸੀਂ ਇੱਕ ਚੌਕਾ ਲਗਾਓ ਤਾਂ ਤੁਹਾਡਾ ਸੈਂਕੜਾ ਪੂਰਾ ਹੋ ਜਾਏਗਾ | 45 |
| 4. ਮੈਂ 10 ਦੇ ਦਸ ਨੋਟਾਂ ਦੇ ਬਰਾਬਰ ਹਾਂ | 89 |
| 5. ਮੈਂ ਇੱਕ ਸੈਂਕੜਾ + ਅਰਧ ਸੈਂਕੜਾ ਦੇ ਬਰਾਬਰ ਹਾਂ | 87 |
| 6. ਮੈਂ 77 ਅਤੇ 97 ਦੇ ਠੀਕ ਅੱਧ ਵਿਚ ਹਾਂ | 100 |

ਇਸ ਅਧਿਆਇ ਵਿੱਚ, ਕਈ ਕਹਾਣੀਆਂ ਅਤੇ ਗਤੀਵਿਧੀਆਂ ਦੀ ਵਰਤੋਂ ਕੀਤੀ ਗਈ ਹੈ ਤਾਂ ਕਿ ਬੱਚਿਆਂ ਨੂੰ ਦਸ 'ਤੇ ਅਧਾਰਿਤ ਸੰਖਿਆ ਪ੍ਰਣਾਲੀ ਸਮਝਣ ਵਿਚ ਮਦਦ ਮਿਲੇ। 'ਸਥਾਨਕ ਮੁੱਲ' ਇਹ ਸ਼ਬਦ ਬੱਚਿਆਂ ਵਿੱਚ ਅਕਸਰ ਭਰਮ ਪੈਦਾ ਕਰਦਾ ਹੈ। ਇਸਦੀ ਇਥੇ ਕਿਤੇ ਵੀ ਵਰਤੋਂ ਨਹੀਂ ਕੀਤੀ ਗਈ ਹੈ। ਅਧਿਆਪਕ ਨੂੰ ਘੇਤਰੀ ਪੱਧਰ 'ਤੇ ਵਰਤੋਂ ਵਿੱਚ ਆਉਣ ਵਾਲੀ ਦੂਜੀਆਂ ਸੰਖਿਆ ਪ੍ਰਣਾਲੀਆਂ ਦਾ ਵੀ ਪਤਾ ਲਗਾਉਣਾ ਚਾਹੀਦਾ ਹੈ ਖਾਸ ਤੌਰ ਤੇ ਉਦੋਂ ਜਦੋਂ ਉਹ ਜਨ-ਜਾਤੀ ਕਬੀਲਿਆਂ ਦੇ ਨਾਲ ਕੰਮ ਕਰ ਰਹੇ ਹੋਣ।


## ਇਹ ਕਿੰਨੇ ਹਨ ?




______ ਰੁਪਏ




______ ਤੀਲੀਆਂ




______ ਬਲਾੱਕ



______ ਮੋਤੀ



______ ਰੁਪਏ



**ਮੈਂ ਕੌਣ ਹਾਂ ?**

ਸਭ ਤੋਂ ਵੱਡੀ ਨਾ ਸੰਖਿਆ ਭਾਈ ।  
ਕੋਈ ਵੀ ਸੰਖਿਆ ਆਈ,  
ਮੈਨੂੰ ਜੋੜ ਕੇ ਅਗਲੀ ਆਈ ।  
ਗਿਣਤੀ ਵੀ ਮੈਂ ਹੀ ਕਰਵਾਈ ।




## ਚੰਦਾ ਮਾਮਾ ਆਪਣੇ ਤਾਰੇ ਦੋਸਤਾਂ ਨੂੰ ਗਿਣਦੇ ਹਨ

ਮੈਂ ਇੱਕ ਤਾਰੇ ਨੂੰ ਗਿਣਿਆ ਅਤੇ ਇੱਕ ▲1 ਕਾਰਡ ਆਪਣੀ ਜੇਬ ਵਿੱਚ ਰੱਖ ਲਿਆ।

ਇੱਕ ਤਾਰੇ ਲਈ ▲1     2 ਤਾਰਿਆਂ ਲਈ ▲1 ▲1

▲1 ▲1 ▲1 ▲1 ▲1 ਕਿੰਨੇ ਤਾਰਿਆਂ ਲਈ ? ______

ਜਦ ਮੇਰੇ ਕੋਲ 10 ▲1 ਕਾਰਡ ਹੋ ਗਏ ਤਾਂ ਮੈਂ ਇਹਨਾਂ ਨੂੰ ਕਾਰਡ ▲ ਨਾਲ ਬਦਲ ਦਿੱਤਾ।

▲1 ▲1 ▲1 ▲1 ▲1 ▲1 ▲1 ▲1 ▲1 ▲1 ⟶

ਪਰ ਮੇਰੇ ਦੋਸਤ ਆਉਂਦੇ ਰਹੇ। ਇਸ ਲਈ ਮੈਂ ਹੋਰ ਗਿਣਦੇ ਹੀ ਜਾਣਾ ਸੀ। ਮੇਰੀ ਜੇਬ ਭਰ ਗਈ ਸੀ। ਇਸ ਲਈ ਜਦ ਮੇਰੇ ਕੋਲ ▲ ਵਾਲੇ 10 ਕਾਰਡ ਹੋ ਗਏ ਤਾਂ ਮੈਂ ਉਹਨਾਂ ਨੂੰ 100 ਦੇ ਇੱਕ ਕਾਰਡ ਨਾਲ ਬਦਲ ਦਿੱਤਾ।

10 10 10 10 10
10 10 10 10 10 ⟶ 100

ਪਰ ਮੇਰੇ ਦੋਸਤ ਆਉਂਦੇ ਹੀ ਗਏ, ਆਉਂਦੇ ਹੀ ਗਏ। ਮੇਰੀਆਂ ਜੇਬਾਂ ਪੂਰੀਆਂ ਭਰ ਗਈਆਂ। ਵੇਖੋ, ਮੇਰੇ ਕੋਲ ਕਿੰਨੇ ਕਾਰਡ ਹੋ ਗਏ।




**ਮੇਰੀ ਜੇਬ ਵਿੱਚ ਕਿਹੜੇ-ਕਿਹੜੇ ਕਾਰਡ ਹੋਣਗੇ ਜੇ ਮੈਂ ਲਿਖਾਂ..**

ੳ) 19 ⟶ 

ਅ) 21 ⟶

ੲ) 95 ⟶

ਸ) 201 ⟶ 

ਹ) 260 ⟶

ਕ) 300 ⟶

ਖ) 306 ⟶

ਗ) 344 ⟶

ਘ) 350 ⟶

ਙ) 400 ⟶

ਜਦ 10 10 ਦੇ ਦੋ ਕਾਰਡ ਮੇਰੀ ਜੇਬ ਵਿੱਚ ਹੋ ਗਏ, ਤਾਂ ਮੈਨੂੰ ਪਤਾ ਲੱਗ ਗਿਆ ਕਿ ਮੈਂ 20 ਤਾਰੇ ਗਿਣ ਲਏ ਹਨ। ਹੁਣ ਤੁਸੀਂ ਮੈਨੂੰ ਹਰ ਖਾਨੇ ਵਿੱਚ ਗਿਣੇ ਹੋਏ ਤਾਰਿਆਂ ਦੀ ਗਿਣਤੀ ਦੱਸੋ। ਖਾਲੀ ਥਾਂ 'ਤੇ ਉੱਤਰ ਲਿਖੋ।








ਅੰਦਾਜ਼ਾ ਲਗਾਓ ਕਿ ਅਕਾਸ਼ ਵਿੱਚ ਮੇਰੇ ਕੁੱਲ ਕਿੰਨੇ ਦੋਸਤ ਤਾਰੇ ਹਨ.....!!!

# 3 ਕੁੱਝ ਲੈਣਾ ਕੁੱਝ ਦੇਣਾ

ਮੈਂ ਕਿੱਟੂ ਹਾਂ। ਇਹ ਮੇਰਾ ਘਰ ਹੈ । ਬਹੁਤ ਵੱਡਾ ਹੈ ਨਾ ? ਇਸ ਵਿੱਚ 100 ਕਮਰੇ ਹਨ। ਇਸ ਵਿੱਚ ਕੁੱਝ ਕਮਰਿਆਂ ਨੂੰ ਰੰਗਣ ਵਿੱਚ ਮੇਰੀ ਸਹਾਇਤਾ ਕਰੋ।



| | | | | | | | | | |
|---|---|---|---|---|---|---|---|---|---|
| 91 | 92 | 93 | 94 | 95 | 96 | 97 | 98 | 99 | 100 |
| 81 | 82 | 83 | 84 | 85 | 86 | 87 | 88 | 89 | 90 |
| 71 | 72 | 73 | 74 | 75 | 76 | 77 | 78 | 79 | 80 |
| 61 | 62 | 63 | 64 | 65 | 66 | 67 | 68 | 69 | 70 |
| 51 | 52 | 53 | 54 | 55 | 56 | 57 | 58 | 59 | 60 |
| 41 | 42 | 43 | 44 | 45 | 46 | 47 | 48 | 49 | 50 |
| 31 | 32 | 33 | 34 | 35 | 36 | 37 | 38 | 39 | 40 |
| 21 | 22 | 23 | 24 | 25 | 26 | 27 | 28 | 29 | 30 |
| 11 | 12 | 13 | 14 | 15 | 16 | 17 | 18 | 19 | 20 |
| 1 | 2 | 3 | 4 | 5 | 6 | 7 | 8 | 9 | 10 |

ਚਲੋ ਕਮਰਾ 2 ਤੋਂ ਸ਼ੁਰੂ ਕਰੀਏ । ਕਮਰਾ 12 ਤੱਕ ਪੁਹੰਚਣ ਦੇ ਲਈ ਇਸ ਤਰਾਂ ਚਲਦੇ ਹਾਂ । ਪਹਿਲਾਂ ਸੱਜੇ ਪਾਸੇ ਚੱਲ ਕੇ 10 ਤੱਕ ਪਹੁੰਚੋ। ਫਿਰ 11 'ਤੇ ਗਏ, ਬੱਸ ਸਿਰਫ਼ ਇੱਕ ਕਦਮ ਹੋਰ 12'ਤੇ ਪੁਹੰਚ ਗਏ । ਹੁਣ ਕਮਰਾ 12 ਨੂੰ ਰੰਗ ਦਿੱਤਾ।

ਇਹ 2 ਤੋਂ 12 ਤੱਕ ਪੁਹੰਚਣ ਦਾ ਇੱਕ ਰਸਤਾ ਹੈ।

ਕੀ ਕੋਈ ਹੋਰ ਛੋਟਾ ਰਸਤਾ ਹੋ ਸਕਦਾ ਹੈ? ਕਿਉਂ ਨਹੀਂ।

2 ਤੋਂ ਇੱਕ ਛਾਲ ਉੱਪਰ ਵੱਲ ਨੂੰ ਮਾਰੋ ਸਿੱਧੇ 12 ਤੱਕ ਪੁਹੰਚ ਗਏ।

2 ਤੋਂ 12 ਤੱਕ ਦੀ ਛਾਲ.... ਕਦਮ ਦੇ ਬਰਾਬਰ ਹੈ।


ਹੁਣ 14 ਤੋਂ ਉੱਪਰ ਨੂੰ ਇੱਕ ਛਾਲ ਲਗਾਓ।




14 + 10 = 24

ਇਸ ਕਮਰੇ ਵਿੱਚ ਰੰਗ ਭਰੋ।

ਮੈਂ 22 ਤੋਂ 41 ਤੱਕ ਕਿਵੇਂ ਪੁਹੰਚਾਂਗਾ?




ਦੋ ਛਾਲਾਂ ਵਿੱਚ 22 ਤੋਂ 42 ਤੱਕ ਪਹੁੰਚ ਜਾਵਾਂਗਾ।

ਫਿਰ ਇੱਕ ਕਦਮ ਸੱਜੇ। ਅਸੀਂ ਇਸ ਨੂੰ ਇਸ ਤਰ੍ਹਾਂ ਲਿਖ ਸਕਦੇ ਹਾਂ।

22 + 20 = 42

42 − 1 = 41

ਕੁੱਲ ਮਿਲਾ ਕੇ ਕਿੰਨੇ ਕਦਮ ਹੋਏ? __________

ਤੁਸੀਂ ਇਸ ਢੰਗ ਨਾਲ ਵੀ ਜਾ ਸਕਦੇ ਹੋ−

22 ਤੋਂ ਇੱਕ ਕਦਮ ਖੱਬੇ ਲੈ ਕੇ 21 'ਤੇ ਪਹੁੰਚੋ।




ਫਿਰ ਦੋ ਛਾਲਾਂ ਉੱਪਰ, ਲਓ ਪਹੁੰਚ ਗਏ 41 'ਤੇ।

22 − 1 = 21

21 + 20 = 41

***ਜਾਉ ਕਿੱਟੂ ਦੇ ਘਰ ਲੱਭੋ ਉੱਤਰ***

(ੳ) 34 ਤੋਂ 10 ਘੱਟ __________ ਹੋਵੇਗਾ।

(ਅ) 53 − 20 = __________

(ੲ) 31 ਤੋਂ 11 ਵੱਧ __________ ਹੋਵੇਗਾ।



(ਸ) 66 ਤੋਂ 11 ਘੱਟ __________ ਹੋਵੇਗਾ।

(ਹ) 62 + 13 = __________

(ਕ) 89 ਤੋਂ 23 ਘੱਟ __________ ਹੋਵੇਗਾ।

(ਖ) 10 ਤੋਂ 40 ਵੱਧ __________ ਹੋਵੇਗਾ।

10 × 10 ਸੰਖਿਆ-ਗਰਿਡ ਦੇ ਅੰਕਾਂ ਦੀ ਸੰਖਿਆਵਾਂ ਦੇ ਜੋੜ ਅਤੇ ਘਟਾਓ ਦੇ ਲਈ ਇੱਕ ਉਪਯੋਗੀ ਸਾਧਨ ਹੈ। ਬੱਚਿਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਗਰਿਡ ਦੇ ਸਹਾਰੇ ਇਸ ਤਰ੍ਹਾਂ ਦੇ ਜੋੜ-ਘਟਾਓ ਦੇ ਸਵਾਲ ਮੂੰਹ ਜ਼ੁਬਾਨੀ ਕਰਨ।

(ਗ) 28 ਵਿੱਚ 9 ਜੋੜਣ 'ਤੇ ________ ਆਵੇਗਾ।

(ਘ) 9 ਅਤੇ 44 ਦਾ ਜੋੜ ________ ਹੋਵੇਗਾ।

(ਙ) 98 ਵਿੱਚੋਂ 34 ਘਟਾਉਣ 'ਤੇ ________ ਹੋਵੇਗਾ।


(ਚ) 4 ਅਤੇ ਉਸ ਤੋਂ 37 ਵੱਧ ________ ਹੋ ਜਾਵੇਗਾ।

(ਛ) 83 ਵਿੱਚੋਂ 35 ਘਟਾਉਣ 'ਤੇ ਸਾਨੂੰ ________ ਮਿਲੇਗਾ।

**ਮੇਰੀਆਂ ਖਾਣ ਦੀਆਂ ਚੀਜ਼ਾਂ ਲੱਭ**

ਸੁਣੋ ! ਇੱਕ ਮਜ਼ੇਦਾਰ ਗੱਲ।

ਮਾਂ ਨੇ ਮੈਨੂੰ ਦੱਸਿਆ ਕਿ ਕੁੱਝ ਕਮਰਿਆਂ ਦੇ ਵਿੱਚ ਖਾਣ ਲਈ ਵਧੀਆ-ਵਧੀਆ ਚੀਜ਼ਾਂ ਹਨ। ਇਨ੍ਹਾਂ ਕਮਰਿਆਂ ਨੂੰ ਲੱਭਣ ਵਿੱਚ ਮੇਰੀ ਸਹਾਇਤਾ ਕਰੋ। ਸੰਖਿਆਵਾਂ 'ਤੇ ਨਿਸ਼ਾਨ ਲਗਾਉਂਦੇ ਜਾਓ ਅਖੀਰ ਵਿੱਚ ਦੇਖੋ ਕੀ ਬਣਦਾ ਹੈ?



| | | | | | | | | | |
|---|---|---|---|---|---|---|---|---|---|
| 91 | 92 | 93 | 94 | 95 | 96 | 97 | 98 | 99 | 100 |
| 81 | 82 | 83 | 84 | 85 | 86 | 87 | 88 | 89 | 90 |
| 71 | 72 | 73 | 74 | 75 | 76 | 77 | 78 | 79 | 80 |
| 61 | 62 | 63 | 64 | 65 | 66 | 67 | 68 | 69 | 70 |
| 51 | 52 | 53 | 54 | 55 | 56 | 57 | 58 | 59 | 60 |
| 41 | 42 | 43 | 44 | 45 | 46 | 47 | 48 | 49 | 50 |
| 31 | 32 | 33 | 34 | 35 | 36 | 37 | 38 | 39 | 40 |
| 21 | 22 | 23 | 24 | 25 | 26 | 27 | 28 | 29 | 30 |
| 11 | 12 | 13 | 14 | 15 | 16 | 17 | 18 | 19 | 20 |
| 1 | 2 | 3 | 4 | 5 | 6 | 7 | 8 | 9 | 10 |

ਉਦਾਹਰਣ 47 = 37 + 10

37 + 9 = ___




65 − 30 = ___




___ = 46 + 21




___ = 87 − 30

66 − ___ = 11

36 = ___ + 9

45 + ___ = 99

40 + ___ =76

___ + 26 =75

98 = ___ + 50

___ − 21 = 35

57 − ___ = 20



ਅਨੀਸ਼ਾ ਨੇ 37 ਰੁਪਏ ਦੇ ਸੇਬ ਖਰੀਦੇ। ਰਾਜਾ ਨੇ 21 ਰੁਪਏ ਦੇ ਕੇਲੇ ਖਰੀਦੇ। ਫ਼ਲ ਵਾਲੀ ਨੇ ਕਿਹਾ-

37 ਦਾ ਮਤਲਬ 30 ਅਤੇ 7

21 ਦਾ ਮਤਲਬ 20 ਅਤੇ 1

ਇਸ ਲਈ 37 ਅਤੇ 21 ਮਿਲ ਕੇ 58 ਬਣਨਗੇ।




ਚਲੋ ਅਸੀਂ ਵੀ ਕੋਸ਼ਿਸ਼ ਕਰੀਏ। ਜ਼ਰਾ ਇਸ ਜੋੜ ਨੂੰ ਦੇਖੋ।

26 + 43

20 + 6 + 40 + 3

20 + 40 + 6 + 3

60 + 9

69

ਜਵਾਬ ਹੋਇਆ 69



ਕੀ ਤੁਸੀਂ ਇਸ ਨੂੰ ਕਿਸੇ ਹੋਰ ਢੰਗ ਨਾਲ ਜੋੜ ਸਕਦੇ ਹੋ? ਦੱਸੋ ਕਿਵੇਂ।

33 + 56 = 30 + 3 + 50 + 6

= 80 + 3 + 6

= 80 + 9 = 89

ਜ਼ਰਾ ਦੇਖੋ ਕਿ ਕੀ ਤੁਸੀਂ ਇਹਨਾਂ ਸਵਾਲਾਂ ਨੂੰ ਵੀ ਉਸੇ ਤਰ੍ਹਾਂ ਕਰ ਸਕਦੇ ਹੋ।

37 + 21 = 30 + 7 + 20 + 1

= ___ + ___ + ___



= ___ + ___ = ___

73 + 24 = ___ + ___ + ___ + ___

= ___ + ___ + ___

= ___ + ___ = ___

## ਅੰਬ-ਮਿਰਚ ਦੀ ਖੇਡ

ਇੱਕ ਪਾਸਿਆਂ (ਡਾਈਸ) ਦਾ ਜੋੜਾ ਲਉ (ਜਾਂ ਇਮਲੀ ਦੇ ਦਸ ਬੀਜ)। ਹਰ ਖਿਡਾਰੀ ਦੇ ਲਈ ਅਲੱਗ-ਅਲੱਗ ਰੰਗ ਦੇ ਬਟਨ ਲਉ। ਪੰਨੇ ਉੱਤੇ ਬਣੇ ਬਾਰਡਰ 'ਤੇ ਖੇਡੋ। ਜੇ ਤੁਸੀਂ ਅੰਬ 'ਤੇ ਪਹੁੰਚਦੇ ਹੋ ਤਾਂ ਤੁਸੀਂ ਅੱਗੇ (+) ਜਾਓਗੇ। ਜੇ ਤੁਸੀਂ ਮਿਰਚ 'ਤੇ ਕਦਮ ਰੱਖਦੇ ਹੋ ਤਾਂ ਪਿੱਛੇ (-) ਜਾਣਾ ਪਵੇਗਾ। ਦੇਖੋ ਕੌਣ ਪਹਿਲਾਂ ਘਰ ਪਹੁੰਚਦਾ ਹੈ!

56 + 21 = ___ + ___ + ___ + ___

= ___ + ___ + ___

= ___ + ___ = ___

56 + 21 = 56 + 20 + 1

= 57 + 20

= 77

ਆ ਹਾ!

ਮੈਂ ਇਸ ਨੂੰ ਇਸ ਢੰਗ ਨਾਲ ਵੀ ਕਰ ਸਕਦਾ ਹਾਂ!



ਹੁਣ ਤੁਸੀਂ ਇਸ ਜੋੜ ਨੂੰ ਆਪਣੇ ਮਨ ਵਿੱਚ ਕਰੋ।
ਸਿੱਧੇ ਇਨ੍ਹਾਂ ਖਾਨਿਆਂ ਵਿੱਚ ਉੱਤਰ ਲਿਖੋ।

33 + 42 = ___    ___ = 33 + 27    55 + 25 = ___

19 + 61 = ___    ___ = 34 + 63    67 + 25 = ___

___ = 48 + 42    ___ = 53 + 64    72 + 56 = ___

## ਮੈਂ ਤੁਹਾਨੂੰ ਇੱਕ ਕਹਾਣੀ ਸੁਣਾਉਂਦਾ ਹਾਂ....

ਇੱਕ ਵਾਰ, ਇੱਕ ਸ਼ੇਰ ਦਾ ਬੱਚਾ ਜੰਗਲ ਵਿੱਚ ਰਸਤਾ ਭੁੱਲ ਗਿਆ। ਉਸਨੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਆਪਣੀ ਮਾਂ ਨੂੰ ਬੁਲਾਉਣ ਲੱਗਾ। ਇੱਕ ਬੁੱਢੇ ਹਿਰਨ ਨੂੰ ਉਸਦੇ ਉੱਪਰ ਤਰਸ ਆ ਗਿਆ। ਉਹ ਉਸਨੂੰ ਆਪਣੇ ਘਰ ਲੈ ਆਇਆ। ਪਰ ਉਸਨੂੰ ਦੇਖ ਕੇ ਦੂਸਰੇ ਹਿਰਨ ਡਰ ਗਏ। ਬਾਕੀ ਸਭ ਜਾਨਵਰ ਵੀ ਘਬਰਾ ਗਏ- ਖਰਗੋਸ਼, ਗਿਲਹਰੀ, ਚਿੜੀਆਂ। ਸਾਡੇ ਵਿੱਚ ਇੱਕ ਸ਼ੇਰ! ਨਹੀਂ! ਨਹੀਂ! ਉਹ ਸਾਡੇ ਬੱਚਿਆਂ ਨੂੰ ਖਾ ਜਾਵੇਗਾ। ਬੁੱਢੇ ਹਿਰਨ ਨੇ ਕਿਹਾ-ਪਰੇਸ਼ਾਨ ਨਾ ਹੋਵੋ। ਮੈਂ ਉਸ ਨੂੰ ਸਮਝਾ ਦੇਵਾਂਗਾ। ਸਵੇਰੇ ਉੱਠਦੇ ਹੀ ਸ਼ੇਰ ਦੇ ਬੱਚੇ ਨੇ ਸਭ ਦਾ ਧੰਨਵਾਦ ਕੀਤਾ ਅਤੇ ਉੱਥੋਂ ਜਾਣ ਲੱਗਾ। ਖਰਗੋਸ਼ ਨੇ ਕਿਹਾ - ਠਹਿਰੋ, ਉਸਨੂੰ ਇਸ ਤਰ੍ਹਾਂ ਨਾ ਜਾਣ ਦਿਉ। ਪਹਿਲਾਂ ਗਿਣ ਕੇ ਵੇਖਦੇ ਹਾਂ ਕਿ ਉਸਨੇ ਕਿਤੇ ਸਾਨੂੰ ਧੋਖਾ ਤਾਂ ਨਹੀਂ ਦਿੱਤਾ। ਅਸੀਂ ਸਾਰੇ ਮਿਲਕੇ 240 ਹੋਣੇ ਚਾਹੀਦੇ ਹਾਂ। ਚਲੋ ਗਿਣਤੀ ਕਰੀਏ।




ਟਿੱਲੂ ਨੇ ਖਰਗੋਸ਼ ਅਤੇ ਹਿਰਨਾਂ ਨੂੰ ਗਿਣਿਆ।
ਉੱਥੇ 27  ਅਤੇ 48  ਸਨ।

ਬੁੱਢੇ ਹਿਰਨ ਨੇ ਚਿੜੀਆਂ ਅਤੇ ਗਿਲਹਰੀਆਂ ਨੂੰ ਗਿਣਿਆ।
ਉੱਥੇ 124  ਅਤੇ 38  ਸੀ।

ਸੰਖਿਆਵਾਂ ਦੀ ਖੇਡ ਵਾਲੇ ਅਧਿਆਇ ਵਿੱਚ ਬੱਚਿਆਂ ਨੇ ਟੋਕਨ ਕਾਰਡ ਬਣਾਏ ਹੋਣਗੇ। ਲਿਖ ਕੇ ਸਵਾਲ ਕਰਨ ਤੋਂ ਪਹਿਲਾਂ ਜੋੜ ਦੇ ਅਭਿਆਸਾਂ ਦੇ ਲਈ ਇਹਨਾਂ ਟੋਕਨ ਕਾਰਡ ਦੀ ਵਰਤੋਂ ਬੱਚਿਆਂ ਤੋਂ ਕਰਵਾਉ।

ਚਲੋ ਜੋੜ ਕਰੋ ਅਤੇ ਵੇਖੋ ਕਿ ਉੱਥੇ ਕਿੰਨੇ ਹਿਰਨ ਅਤੇ ਖਰਗੋਸ਼ ਹਨ?







ਸਾਰੇ ▲ ਨਾਲ - ਨਾਲ ਰੱਖਦੇ ਹਾਂ,
ਤਾਂ ਸਾਨੂੰ ਪੰਦਰਾਂ ▲ ਮਿਲਣਗੇ
ਦਸ ▲ ਮਿਲਾ ਕੇ 10 ਬਣਾਵਾਂਗੇ
ਅਤੇ ਸਾਡੇ ਕੋਲ 5 ▲ ਬੱਚ ਜਾਣਗੇ।




ਹੁਣ ਸਾਰੇ 10 ਨਾਲ-ਨਾਲ ਰੱਖਦੇ ਹਾਂ
ਸਾਨੂੰ ਸੱਤ 10 ਮਿਲਣਗੇ।

ਇਸ ਲਈ  ਅਤੇ  ਦੀ ਕੁੱਲ ਸੰਖਿਆ = 75

ਇਸੇ ਤਰ੍ਹਾਂ ਅਸੀਂ 124 ਚਿੜੀਆਂ ਅਤ 38 ਗਿਲਹਰੀਆਂ ਨੂੰ ਜੋੜ ਸਕਦੇ ਹਾਂ।

| | 100 | 10 | 1 |
|---|---|---|---|
|  ਦੀ ਸੰਖਿਆ | 1 | 2 (ਹਾਸਲ 1) | 4 |
|  ਦੀ ਸੰਖਿਆ + | | 3 | 8 |
| | 1 | 6 | 2 |

ਪਹਿਲਾਂ ਸਾਰੇ 1 ਨਾਲ ਰੱਖ ਕੇ ਦਸ ਦਾ ਗਰੁੱਪ ਵੱਖ ਕਰ ਲੈਂਦੇ ਹਾਂ।





ਹੁਣ ਸਾਰੇ 10 ਨਾਲ ਰੱਖਦੇ ਹਾਂ ਅਤੇ ਅੰਤ ਵਿੱਚ ਸਾਨੂੰ 100 ਮਿਲੇਗਾ।





ਇਸ ਲਈ ਚਿੜੀਆਂ ਅਤੇ ਗਿਲਹਰੀਆਂ ਦੀ ਕੁੱਲ ਸੰਖਿਆ 162 ਹੈ।

ਹਿਰਨ ਅਤੇ ਖਰਗੋਸ਼ ਦੀ ਕੁੱਲ ਸੰਖਿਆ 75 ਹੈ।

ਬੁੱਢੇ ਹਿਰਨ ਨੇ ਕਿਹਾ-ਸਾਡੀ ਕੁੱਲ ਸੰਖਿਆ 240 ਸੀ। ਦੇਖੋ ਹੁਣ ਅਸੀਂ ਕੁੱਲ ਮਿਲਾ ਕੇ ਕਿੰਨੇ ਹਾਂ?




ਇਸਦਾ ਪਤਾ ਲਗਾਉਣ ਲਈ ਹੇਠਾਂ ਦਿੱਤੇ ਗਏ ਖਾਨਿਆਂ ਵਿੱਚ ਜੋੜੋ।

| | 100 | 10 | 1 |
|---|---|---|---|
|  ਅਤੇ  ਦੀ ਸੰਖਿਆ | | | |
|  ਅਤੇ  ਦੀ ਸੰਖਿਆ + | | | |
| | | | |

## ਕਿੰਨੇ ਬਲਬ ?

1. ਇੱਕ ਕਾਰਖਾਨੇ ਵਿੱਚ ਪਹਿਲੇ ਦਿਨ 270 ਬਲਬ ਬਣੇ।
   ਦੂਸਰੇ ਦਿਨ 123 ਬਲਬ ਬਣੇ।
   ਕਾਰਖਾਨੇ ਵਿੱਚ ਕੁੱਲ ਮਿਲਾ ਕੇ ਕਿੰਨੇ ਬਲਬ ਬਣੇ?




ਪਹਿਲੇ ਦਿਨ 270 ਬਲਬ ਬਣੇ

ਦੂਸਰੇ ਦਿਨ 123 ਬਲਬ ਬਣੇ







ਹੱਲ :

| | | 100 | 10 | 1 |
|---|---|---|---|---|
| ਪਹਿਲੇ ਦਿਨ ਬਣੇ | | 2 | 7 | 0 |
| ਦੂਸਰੇ ਦਿਨ ਬਣੇ | + | 1 | 2 | 3 |
| ਕੁੱਲ ਬਲਬ | | 3 | 9 | 3 |

2. ਦੁਕਾਨਦਾਰ ਰਫ਼ੀ ਦੇ ਕੋਲ 153 ਮੋਮਬੱਤੀਆਂ ਸਨ। ਪਾਰਸ ਨੇ ਉਸਨੂੰ 237 ਮੋਮਬੱਤੀਆਂ ਹੋਰ ਦਿੱਤੀਆਂ ਹੁਣ ਰਫ਼ੀ ਕੋਲ ਕੁੱਲ ਮਿਲਾ ਕੇ ਕਿੰਨੀਆਂ ਮੋਮਬੱਤੀਆਂ ਹੋ ਗਈਆਂ?







| | 100 | 10 | 1 |
|---|---|---|---|
| | 2 | 3 | 7 |
| + | 1 | 5 | 3 |
| ਜੋੜ | | | |

ਇਸ ਤਰੀਕੇ ਨਾਲ ਹੇਠਾਂ ਦਿੱਤੀ ਗਈ ਕਹਾਣੀ ਦੇ ਸਵਾਲਾਂ ਨੂੰ ਹੱਲ ਕਰੋ। ਪਹਿਲਾਂ ਸਵਾਲ ਨੂੰ ਪੜ੍ਹੋ। ਫਿਰ ਉਸਨੂੰ ਆਪਣੇ ਸ਼ਬਦਾਂ ਵਿੱਚ ਬੋਲੋ ਅਤੇ ਲਿਖਣ ਤੋਂ ਪਹਿਲਾ ਜਵਾਬ ਦਾ ਅੰਦਾਜ਼ਾ ਲਗਾਉ।

(ੳ) ਇੱਕ ਗੱਡੀ ਦੇ ਡੱਬੇ ਵਿੱਚ 132 ਲੋਕ ਹਨ। ਦੂਸਰੇ ਡੱਬੇ ਵਿੱਚ 129 ਲੋਕ ਹਨ। ਦੋਨੋਂ ਡੱਬਿਆਂ ਵਿੱਚ ਕੁੱਲ ਮਿਲਾ ਕੇ ਕਿੰਨੇ ਲੋਕ ਹਨ?



(ਅ) ਸ਼ਾਨੂੰ ਨੂੰ 138 ਪੱਥਰ ਮਿਲੇ।

ਕਰੀਮ ਨੂੰ 44 ਪੱਥਰ ਮਿਲੇ।

ਉਹਨਾਂ ਨੂੰ ਕੁੱਲ ਕਿੰਨੇ ਪੱਥਰ ਮਿਲੇ?



| | 100 | 10 | 1 |
|---|---|---|---|
| | 1 | 3 | 8 |
| + | | 4 | 4 |
| | | | |

(ੲ) ਇੱਕ ਅਧਿਆਪਿਕਾ ਆਪਣੇ ਸਕੂਲ ਵਿੱਚ ਇਹ ਪਤਾ ਕਰਦੀ ਹੈ ਕਿ ਬੱਚਿਆਂ ਨੂੰ ਕਿਹੜੇ ਫ਼ਲ ਪਸੰਦ ਹਨ।

| ਬੱਚੇ | ਸੰਤਰਾ | ਅੰਬ | ਕੁੱਲ |
|---|---|---|---|
| ਕੁੜੀਆਂ | 136 | 240 | |
| ਮੁੰਡੇ | 128 | 243 | |
| ਕੁੱਲ | | | |



ਪਤਾ ਲਗਾਓ -




(ੳ) ਕਿੰਨੇ ਬੱਚੇ ਇਸ ਤਰ੍ਹਾਂ ਦੇ ਹਨ ਜੋ ਸੰਤਰੇ ਪਸੰਦ ਕਰਦੇ ਹਨ?

(ਅ) ਕਿੰਨੇ ਬੱਚੇ ਇਸ ਤਰ੍ਹਾਂ ਦੇ ਹਨ ਜੋ ਅੰਬ ਪਸੰਦ ਕਰਦੇ ਹਨ?

(ੲ) ਕੁੱਲ ਮਿਲਾ ਕੇ ਸਕੂਲ ਵਿੱਚ ਕਿੰਨੇ ਬੱਚੇ ਹਨ?

(ਸ) ਕੁੜੀਆਂ ਦੀ ਗਿਣਤੀ 350 ਤੋਂ ਜ਼ਿਆਦਾ ਹੈ ਜਾਂ ਘੱਟ?









## ਅਭਿਆਸ ਦਾ ਸਮਾਂ

ੳ) (i) 345 + 52 (iv) 643 + 345

(ii) 492 + 29 (v) 750 + 219

(iii) 245 + 93

ਅ)

| | | |
|---|---|---|
| 319 | 304 | 363 |
| + 323 | + 406 | + 456 |
| | | |
| 427 | 684 | |
| + 248 | + 232 | |
| | | |

## ਪਹੇਲੀ

ਜੋੜ ਹੈ ਮੇਰਾ ਪੱਕਾ ਦੋਸਤ  
ਝਗੜਦੇ ਹਾਂ ਅਸੀਂ ਕਦੇ ਵੀ ਨਹੀਂ  
ਮੈਨੂੰ ਕਰਕੇ ਉਸਨੂੰ ਬੁਲਾਓ  
ਜਾਂਚ ਕਰੋ ਕੀ ਮੈਂ ਹਾਂ ਸਹੀ।

### ਖੇਡ-ਮਨ ਦੀ ਰੇਲ ਗੱਡੀ

ਦੋ ਦੋਸਤ ਇਸ ਖੇਡ ਨੂੰ ਖੇਡਦੇ ਹਨ। ਤੁਸੀਂ ਰੇਲ ਗੱਡੀ ਦੇ ਹਰ ਡੱਬੇ ਨੂੰ ਦੇਖੋ। ਕੁੱਝ ਲੋਕ ਰੇਲ ਗੱਡੀ ਵਿੱਚ ਚੜ੍ਹਦੇ (+) ਹਨ। ਕੁੱਝ ਲੋਕ ਉਤਰਦੇ (−) ਹਨ। ਕੁੱਲ ਮਿਲਾ ਕੇ ਕਿੰਨੇ ਲੋਕ ਰੇਲਗੱਡੀ ਵਿੱਚ ਹਨ? ਮਨ ਵਿੱਚ ਹੱਲ ਕਰੋ ਅਤੇ ਚਰਚਾ ਕਰੋ। ਉਹ ਦੋਸਤ ਜੋ ਠੀਕ ਉੱਤਰ ਦਿੰਦੇ ਹਨ। ਉਹਨਾਂ ਨੂੰ ਕੁੱਝ ਅੰਕ ਮਿਲਦੇ ਹਨ। ਆਪਣੇ ਅੰਕਾਂ ਦੀ ਸੂਚੀ ਬਣਾਓ। ਜੋੜ ਕੇ ਪਤਾ ਲਗਾਓ ਕਿ ਕੌਣ ਜਿੱਤਿਆ।

ਜਿੱਤੋ 5 ਅੰਕ

# ੱਤੋ 5 ਅੰਕ




ਹਰ ਸੰਖਿਆ ਨੂੰ ਲਿਖਣ ਲਈ ਚਾਰ ਅਲੱਗ-ਅਲੱਗ ਤਰੀਕੇ ਪਤਾ ਲਗਾਓ।






* ਜੇ ਤੁਸੀਂ ਪਹਿਲੇ ਬਕਸੇ ਦੀਆਂ ਸਾਰੀਆਂ ਸੰਖਿਆਵਾਂ ਨੂੰ ਜੋੜਦੇ ਹੋ ਤਾਂ ਤੁਹਾਡਾ ਉੱਤਰ ਹਮੇਸ਼ਾ 59 ਆਵੇਗਾ। ਬਾਕੀ ਖਾਨੇ ਵੀ ਦਿੱਤੀ ਸੰਖਿਆ ਅਨੁਸਾਰ, ਇਸੇ ਤਰੀਕੇ ਨਾਲ ਪੂਰੇ ਕਰੋ।


| 59 | 78 | 83 |
|---|---|---|
| 50 + 9 | + | + |
| 30 + 29 | + | + 43 |
| 19 + 40 | 30 + | + |
| 59 + 0 | + | + |

| 99 | 102 | 168 |
|---|---|---|
| + | + | + |
| + 39 | + | + |
| + | + | + 68 |
| + | + 50 | + |

ਜੋੜੋ 5 ਅੰਕ

## ਦਿਮਾਗ ਲਗਾਓ

1, 2, 3, 4, 5, 6 ਦੀ ਸੰਖਿਆ ਨੂੰ ਗੋਲਿਆਂ ਵਿੱਚ ਇਸ ਤਰ੍ਹਾਂ ਲਿਖੋ ਕਿ ਹਰੇਕ ਲਾਈਨ ਵਿੱਚ ਲਿਖੀ ਸੰਖਿਆ ਦਾ ਜੋੜ 12 ਆਵੇ।








# ਮਿੱਠੂ ਦੇ ਬਸਤੇ ਤੱਕ ਪਹੁੰਚੋ

ਸਾਰੇ ਸਵਾਲਾਂ ਨੂੰ ਆਪਣੇ ਮਨ ਵਿੱਚ ਹੱਲ ਕਰੋ ਅਤੇ ਖਾਨੇ ਵਿੱਚ ਲਿਖੋ।



| | | | |
|---|---|---|---|
| ੳ) 75 + 20 = | 95 | ਖ) 670 + 120 = | |
| ਅ) 90 + 60 = | 150 | ਗ) 380 + 210 = | |
| ੲ) 25 + 30 + 3 = | | ਘ) 205 + 650 = | |
| ਸ) 9 + 40 + 31 = | | ਙ) 128 + 600 = | |
| ਹ) 500 + 200 = | | ਚ) 150 + 69 = | |
| ਕ) 400 + 350 = | | ਛ) 37 + 46 + 3 = | |

ਇਹਨਾਂ ਜਵਾਬਾਂ ਨੂੰ ਲੜੀ ਵਾਰ ਇਸ ਹਰੇ ਬਾਗ਼ ਵਿੱਚ ਲੱਭਦੇ ਜਾਓ। ਤੁਹਾਡੇ ਜਵਾਬ ਠੀਕ ਹੋਣਗੇ ਤਾਂ ਹੀ ਤੁਸੀਂ ਠੀਕ ਰਸਤੇ ਰਾਹੀਂ ਬਸਤੇ ਤੱਕ ਪਹੁੰਚ ਸਕੋਗੇ ਨਹੀਂ ਤਾਂ ਗਵਾਚ ਜਾਓਗੇ।



# ਕਾਰਡ ਦੀ ਖੇਡ

ਇੱਕ ਦਿਨ ਬੱਬਲੀ ਅਤੇ ਗੋਪੂ ਖੇਡ ਰਹੇ ਸਨ। ਬੱਬਲੀ ਨੇ ਗੋਪੂ ਨੂੰ ਅੱਲਗ-ਅੱਲਗ ਸੰਖਿਆਵਾਂ ਦੇ ਤਿੰਨ ਕਾਰਡ ਦਿੱਤੇ। ਉਸਨੇ ਕਾਰਡਾਂ ਨੂੰ ਦੋ ਤਰੀਕਿਆਂ ਨਾਲ ਰੱਖਿਆ।




ਬੱਬਲੀ ਨੇ ਉਸ ਨੂੰ ਇਸ ਤਰੀਕੇ ਨਾਲ ਰੱਖਿਆ :

150 − 30 = 120

120 + 30 = 150

30 + 120 = 150

ਕਿਉਂ, ਹੈ ਨਾ ਮਜ਼ੇਦਾਰ ?

ਇਹ ਖੇਡ ਤੁਸੀਂ ਵੀ ਖੇਡ ਸਕਦੇ ਹੋ। ਮੰਨ ਲਉ ਇਹ ਤੁਹਾਡੇ ਕਾਰਡ ਹਨ। ਹੁਣ ਸੋਚੋ ਸੰਖਿਆਵਾਂ ਨੂੰ ਅੱਲਗ-ਅੱਲਗ ਤਰ੍ਹਾਂ ਲਿਖਣ ਦੇ ਹੋਰ ਕੀ-ਕੀ ਤਰੀਕੇ ਹੋ ਸਕਦੇ ਹਨ।

ੳ) 50 70 20

___ + ___ = ___

___ + ___ = ___

50 20 70

___ − ___ = ___

___ − ___ = ___

ਅ) 30 42 12

___ + ___ = ___

___ + ___ = ___

30 42 12

___ − ___ = ___

___ − ___ = ___

# 4 ਕੀ ਲੰਬਾ ਕੀ ਛੋਟਾ

ਇੱਕ ਵਾਰ ਲਾਲੀ ਆਪਣੇ ਪਿਤਾ ਦੀ ਦੁਕਾਨ 'ਤੇ ਸਮਾਨ ਵੇਚ ਰਹੀ ਸੀ। ਉਸੇ ਵੇਲੇ ਉੱਥੇ ਇੱਕ ਕਿਸਾਨ ਰੱਸੀ ਖਰੀਦਣ ਆਇਆ।




ਫਿਰ ਕਿਸਾਨ ਨੇ ਆਪਣੇ ਹੱਥ ਨੂੰ ਰੱਸੀ ਨਾਲ ਨਾਪਿਆ ਅਤੇ ਲਾਲੀ ਨੇ ਉਸ ਰੱਸੀ ਦਾ 7 ਗੁਣਾ ਕਿਸਾਨ ਨੂੰ ਦੇ ਦਿੱਤਾ। ਤੁਸੀਂ ਆਪਣੀ ਮਾਤਾ ਜੀ ਦਾ ਹੱਥ ਅਤੇ ਆਪਣਾ ਹੱਥ ਨਾਪੋ। ਉਹਨਾਂ ਵਿੱਚ ਕੀ ਅੰਤਰ ਹੈ?




ਬੱਚਿਆਂ ਨੂੰ ਇਸ ਗੱਲ ਲਈ ਉਤਸ਼ਾਹਿਤ ਕੀਤਾ ਜਾਵੇ ਕਿ ਉਹ ਆਪਣੇ ਆਲੇ ਦੁਆਲੇ ਵਿੱਚ ਮੌਜੂਦ ਵੱਖ-ਵੱਖ ਵਸਤੂਆਂ ਦੀ ਪੜਤਾਲ ਕਰਨ ਅਤੇ ਵੇਖਣ ਕਿ ਉਹਨਾਂ ਦੀਆਂ ਲੰਬਾਈਆਂ ਨੂੰ ਵੱਖ -ਵੱਖ ਸਥਾਨਕ ਜਾਂ ਗੈਰ ਮਾਨਤਾ ਪ੍ਰਾਪਤ ਇਕਾਈਆਂ ਨਾਲ ਕਿਸ ਤਰਾਂ ਮਾਪਦੇ ਹਨ। ਉਦਾਹਰਣ ਵਜੋਂ ਰੱਸੀ, ਹਾਰ ਜਾਂ ਕੱਪੜੇ ਵਰਗੀਆਂ ਚੀਜਾਂ ਨੂੰ ਅਕਸਰ ਬਾਂਹ, ਹੱਥ ਭਰ ਜਾਂ ਉਂਗਲੀ ਆਦਿ ਦੇ ਜਰੀਏ ਨਾਪ ਕੇ ਵੇਚਿਆ ਜਾਂਦਾ ਹੈ। ਉਹਨਾਂ ਨੂੰ ਵੱਖ-ਵੱਖ ਲੰਬਾਈਆਂ ਅਤੇ ਦੂਰੀਆਂ ਨੂੰ ਆਪਣੇ ਸਰੀਰ ਦੇ ਅੰਗਾਂ ਨਾਲ ਨਾਪਣ ਦੇਣਾ ਚਾਹੀਦਾ ਹੈ।

# ਸੋਚੋ ਕਿੰਨੇ





- ਡੋਰਜੀ ਕਿੰਨੇ ਕਦਮਾਂ ਵਿੱਚ ਸੜਕ ਪਾਰ ਕਰ ਲਵੇਗਾ?



- ਮੇਜ਼ 'ਤੇ ਇਸ ਕਤਾਰ ਵਿੱਚ ਕਿੰਨੇ ਕੱਪ ਰੱਖੇ ਜਾ ਸਕਦੇ ਹਨ?




- ਰੁੱਖ ਦੀ ਟਾਹਣੀ ਤੱਕ ਪਹੁੰਚਣ ਲਈ ਇੱਕ ਦੇ ਉੱਪਰ ਇੱਕ ਕਿੰਨੇ ਘੜੇ ਰੱਖਣੇ ਪੈਣਗੇ?

- ਇਸ ਤਾਰ 'ਤੇ ਕਿੰਨੇ ਕੱਪੜੇ ਟੰਗੇ ਜਾ ਸਕਦੇ ਹਨ?





## ਇੱਕ ਸੈਂਟੀਮੀਟਰ ਕਿੰਨਾ ਹੁੰਦਾ ਹੈ ?





ਮਾਚਿਸ ਦੀ ਤੀਲੀ 4 ਸੈਂਟੀਮੀਟਰ ਲੰਬੀ ਹੈ।
ਪਾਸੇ ਦਾ ਹਰੇਕ ਕਿਨਾਰਾ 1 ਸੈਂਟੀਮੀਟਰ ਦਾ ਹੈ।
ਛਿਪਕਲੀ 13 ਸੈਂਟੀਮੀਟਰ ਲੰਬੀ ਹੈ।

ਪੱਤਾ ____________ ਸੈਂਟੀਮੀਟਰ ਲੰਬਾ ਹੈ।

ਮੋਮੀ ਰੰਗ (ਕਰੇਓਨ) ___________ ਸੈਂਟੀਮੀਟਰ ਲੰਬਾ ਹੈ।

ਹੁਣ ਜੁਮੈਟਰੀ ਬਕਸੇ ਵਾਲਾ ਫੁੱਟਾ ਲਓ ਅਤੇ ਇਸ ਨੂੰ ਧਿਆਨ ਨਾਲ ਵੇਖੋ।ਇਸ ਵਿੱਚ ਕਿੰਨੇ ਸੈਂਟੀਮੀਟਰ ਹਨ? ______


ਜਿਸ ਛੋਟੇ ਫੁੱਟੇ ਨੂੰ ਤੁਸੀਂ ਸਕੂਲ ਵਿੱਚ ਅਕਸਰ ਵਰਤਦੇ ਹੋ ਉਹ ਕੁੱਝ ਇਸ ਤਰ੍ਹਾਂ ਦਾ ਹੈ।





ਕੀ ਸਿਫ਼ਰ ਦੇ ਨਿਸ਼ਾਨ ਤੋਂ ਨਾਪਣਾ ਜ਼ਿਆਦਾ ਸੌਖਾ ਹੈ? ਫੁੱਟੇ ਦੇ ਕੋਲ ਬਣਾਈਆਂ ਗਈਆਂ ਚੀਜ਼ਾਂ ਨੂੰ ਵੇਖੋ ਅਤੇ ਉਹਨਾਂ ਦੀ ਲੰਬਾਈ ਦੱਸੋ।

- ਫੁੱਟੇ ਵਿੱਚ ਵਿਖਾਈਆਂ ਗਈਆਂ ਛੋਟੀ-ਛੋਟੀ ਲਾਈਨਾਂ ਦੀ ਕਿਸ ਲਈ ਵਰਤੋਂ ਕੀਤੀ ਜਾਂਦੀ ਹੈ?
- ਆਪਣੇ ਆਲੇ ਦੁਆਲੇ ਵੇਖੋ ਅਤੇ ਕੁੱਝ ਚੀਜ਼ਾਂ ਲੱਭੋ-
  - ਜਿਹੜੀਆਂ ਕਰੀਬ 10 ਸੈਂਟੀਮੀਟਰ ਲੰਬੀਆਂ ਹੋਣ
  - ਜਿਨ੍ਹਾਂ ਦੀ ਲੰਬਾਈ 10 ਤੋਂ 20 ਸੈਂਟੀਮੀਟਰ ਦੇ ਵਿਚਕਾਰ ਹੋਣ
  - ਜਿਨ੍ਹਾਂ ਦੀ ਲੰਬਾਈ 1 ਸੈਂਟੀਮੀਟਰ ਤੋਂ ਘੱਟ ਹੋਵੇ
- ਹੁਣ ਇਹਨਾਂ ਵਿੱਚੋਂ ਕੁੱਝ ਦੇ ਚਿੱਤਰ ਇਥੇ ਬਣਾਓ।






ਮੇਰਾ ਹੱਥ ਕਿੰਨਾ ਲੰਬਾ?

ਆਪਣੇ ਅੰਗੂਠੇ ਅਤੇ ਆਪਣੀ ਸਭ ਤੋਂ ਛੋਟੀ ਉਂਗਲੀ ਦੀ ਲੰਬਾਈ ਨੂੰ ਮਾਪੋ। ਇਸ ਪੇਜ਼ 'ਤੇ ਦਿੱਤੇ ਫੁੱਟੇ ਦੀ ਵਰਤੋਂ ਕਰੋ।




ਕਿਹੜਾ ਜ਼ਿਆਦਾ ਲੰਬਾ ਹੈ?


ਅੰਗੂਠਾ ਜਾਂ ਛੋਟੀ ਉਂਗਲੀ ?

ਆਪਣੀ ਜਮਾਤ ਵਿੱਚ ਲੰਬਾਈ ਨਾਪਣ ਵਾਲਾ ਇੱਕ ਫੀਤਾ ਲੈ ਕੇ ਆਓ।

ਆਪਣੇ ਸਰੀਰ ਦੇ ਅਲੱਗ-ਅਲੱਗ ਹਿੱਸਿਆਂ ਦੀ ਲੰਬਾਈ ਦਾ ਅੰਦਾਜ਼ਾ ਲਗਾਓ। ਨਾਪ ਕੇ ਦੇਖੋ ਕਿ ਤੁਹਾਡਾ ਅੰਦਾਜ਼ਾ ਠੀਕ ਹੈ।

ਤੁਸੀਂ ਧਾਗਾ, ਫੁੱਟਾ, ਲੰਬਾਈ ਨਾਪਣ ਵਾਲੇ ਫੀਤੇ ਆਦਿ ਦੀ ਵਰਤੋਂ ਕਰ ਸਕਦੇ ਹੋ।







**ਸੋਚੋ** – ਜੇ ਤੁਸੀਂ ਕਿਸੇ ਚੀਜ਼ ਦੀ ਲੰਬਾਈ ਨੂੰ ਰੱਸੀ, ਬੂਟ ਦੇ ਫੀਤੇ ਜਾਂ ਧਾਗੇ ਨਾਲ ਨਾਪਦੇ ਹੋ ਤਾਂ ਕਿਸ ਤਰ੍ਹਾਂ ਪਤਾ ਚੱਲੇਗਾ ਕਿ ਉਹ ਚੀਜ਼ ਕਿੰਨੇ ਸੈਂਟੀਮੀਟਰ ਦੀ ਹੈ?



| | ਮੇਰਾ ਨਾਪ | ਮੇਰੇ ਦੋਸਤ ਦਾ ਨਾਪ |
|---|---|---|
| ਨੱਕ | ______ ਸੈਂਟੀਮੀਟਰ | ______ ਸੈਂਟੀਮੀਟਰ |
| ਗੁੱਟ (ਵੀਣੀ) ਦਾ ਘੇਰਾ | ______ ਸੈਂਟੀਮੀਟਰ | ______ ਸੈਂਟੀਮੀਟਰ |
| ਸਿਰ ਦਾ ਘੇਰਾ | ______ ਸੈਂਟੀਮੀਟਰ | ______ ਸੈਂਟੀਮੀਟਰ |
| ਕੰਨ | ______ ਸੈਂਟੀਮੀਟਰ | ______ ਸੈਂਟੀਮੀਟਰ |
| ਹੱਥ (ਵਿਚਕਾਰਲੀ ਉਂਗਲੀ ਤੋਂ ਗੁੱਟ ਤੱਕ) | ______ ਸੈਂਟੀਮੀਟਰ | ______ ਸੈਂਟੀਮੀਟਰ |

ਆਪਣੇ ਨਾਪ ਨੂੰ ਆਪਣੇ ਦੋਸਤ ਦੇ ਨਾਪ ਨਾਲ ਰੱਖ ਕੇ ਦੇਖੋ।



- ਕਿਸਦਾ ਸਿਰ ਸਭ ਤੋਂ ਵੱਡਾ ਹੈ ਅਤੇ ਕਿਸਦਾ ਸਿਰ ਸਭ ਤੋਂ ਛੋਟਾ ਹੈ?

  ______________, ______________

- ਕਿਸਦਾ ਹੱਥ ਸਭ ਤੋਂ ਲੰਬਾ ਹੈ (ਵਿਚਕਾਰਲੀ ਉਂਗਲੀ ਤੋਂ ਗੁੱਟ ਤੱਕ)?


  ______________



- ਕੀ ਜ਼ਿਆਦਾ ਲੰਬਾ ਹੈ? ਤੁਹਾਡਾ ਨੱਕ ਜਾਂ ਤੁਹਾਡਾ ਕੰਨ? ______________


- ਕੀ ਤੁਹਾਡੇ ਕਿਸੇ ਵੀ ਨਹੁੰ ਦੀ ਲੰਬਾਈ 1 ਸੈਂਟੀਮੀਟਰ ਤੋਂ ਜ਼ਿਆਦਾ ਹੈ?

  ______________



## ਗਬਲੀ ਅਤੇ ਖੰਡ ਦੇ ਦਾਣੇ

ਗਿਬਲੀ ਕੀੜੀ ਨੇ ਖੰਡ ਦੇ ਦਾਣਿਆਂ ਤੱਕ ਪਹੁੰਚਣਾ ਹੈ। ਉਹ ਸਭ ਤੋਂ ਛੋਟੇ ਰਸਤੇ ਰਾਹੀਂ ਪਹੁੰਚਣਾ ਚਾਹੁੰਦੀ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਸਭ ਤੋਂ ਛੋਟਾ ਰਸਤਾ ਕਿਹੜਾ ਹੋਵੇਗਾ ?




ਕੀ ਤੁਸੀਂ ਇੱਕ ਇਸ ਤਰ੍ਹਾਂ ਦਾ ਰਸਤਾ ਬਣਾ ਸਕਦੇ ਹੋ ਜਮ ਇਨ੍ਹਾਂ ਸਾਰਿਆ ਤੋਂ ਛੋਟਾ ਹੋਵੇ ? ਉਸ ਰਸਤੇ ਦੀ ਲੰਬਾਈ ਕੀ ਹੈ ? ____________

ਬੱਚਿਆਂ ਨੂੰ ਮੀਟਰ ਦਾ ਅੰਦਾਜ਼ਾ ਜਾਣੀਆਂ-ਪਛਾਣੀਆਂ ਚੀਜ਼ਾਂ ਦੇ ਸੰਬੰਧ ਵਿੱਚ ਕਰਵਾਉਣਾ ਜ਼ਰੂਰੀ ਹੈ ਜਿਸ ਤਰ੍ਹਾਂ ਉਹਨਾਂ ਦੀ ਆਪਣੀ ਲੰਬਾਈ। ਬਜਾਏ ਇਸਦੇ ਕਿ ਉਹ ਸੈਂਟੀਮੀਟਰ ਨੂੰ ਮੀਟਰ ਵਿੱਚ ਬਦਲਣ ਦਾ ਔਖਾ ਅਭਿਆਸ ਕਰਨ। ਇਸ ਪੱਧਰ 'ਤੇ ਬੱਚੇ ਵੱਡੀਆਂ ਇਕਾਈਆਂ ਨੂੰ ਜਿਵੇਂ ਕਿਲੋਮੀਟਰ ਵਰਗੀ ਇਕਾਈ ਨੂੰ ਠੀਕ ਤਰ੍ਹਾਂ ਸ਼ਾਇਦ ਨਾ ਸਮਝ ਸਕਣ। ਉਹਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿ ਕਿਲੋਮੀਟਰ ਵਰਗੀਆਂ ਵੱਡੀਆਂ ਇਕਾਈਆਂ ਦੀ ਵਰਤੋਂ ਕਹਾਣੀਆਂ ਜਾਂ ਆਪਣੇ ਤਜ਼ਰਬਿਆਂ ਨੂੰ ਸੁਣਾਉਣ ਦੇ ਸੰਦਰਭ ਵਿੱਚ ਕਰਨ। ਆਗਰੇ ਦਾ ਨਕਸ਼ਾ ਇਸ ਤਰ੍ਹਾਂ ਦਾ ਅਭਿਆਸ ਹੈ ਜਿਸ ਵਿੱਚ ਦੋ ਬੱਚਿਆਂ ਦੇ ਉਸ ਸ਼ਹਿਰ ਵਿੱਚ ਘੁੰਮਣ ਦੇ ਤਜ਼ਰਬੇ ਤੋਂ ਲਿਆ ਗਿਆ ਹੈ। ਨਕਸ਼ਾ ਪੜ੍ਹਨ ਅਤੇ ਬਣਾਉਣ ਲਈ ਬੱਚਿਆਂ ਵਿੱਚ ਕਈ ਹੁਨਰ ਵਿਕਸਿਤ ਕਰਨ ਦੀ ਜ਼ਰੂਰਤ ਹੈ। ਇਸ ਵਿੱਚ ਕਈ ਸਾਲ ਲੱਗਦੇ ਹਨ। ਇਸ ਨਕਸ਼ੇ ਵਿੱਚ ਜਾਣੇ-ਪਛਾਣੇ ਸੰਕੇਤ ਚਿੰਨ੍ਹਾਂ ਅਤੇ ਕਿਲੋਮੀਟਰਾਂ ਵਿੱਚ ਦੂਰੀ ਨਾਪਣ ਦਾ ਅਭਿਆਸ ਕਰਾਉਣ ਦੀ ਸਿਰਫ ਇੱਕ ਸ਼ੁਰੂਆਤ ਕੀਤੀ ਗਈ ਹੈ।

## ਮੀਟਰ ਕਿੰਨਾ ਹੁੰਦਾ ਹੈ ?

ਇੱਕ ਮੀਟਰ 100 ਸੈਂਟੀਮੀਟਰ ਦੇ ਬਰਾਬਰ ਹੁੰਦਾ ਹੈ




### ਚਲੋ ਇੱਕ ਮੀਟਰ ਦੀ ਰੱਸੀ ਬਣਾਈਏ

ਤੁਸੀਂ ਦੁਕਾਨਦਾਰ ਨੂੰ ਇੱਕ ਮੀਟਰ ਰੌਡ ਨਾਲ ਕੱਪੜਾ ਨਾਪਦੇ ਹੋਏ ਦੇਖਿਆ ਹੋਵੇਗਾ।



- ਇੱਕ ਮੀਟਰ ਦੀ ਆਪਣੀ ਰੱਸੀ ਬਣਾਉਣ ਲਈ ਇੱਕ ਮੀਟਰ ਰਾਡ ਅਤੇ ਇੱਕ ਰੱਸੀ ਦੀ ਵਰਤੋਂ ਕਰੋ।
- ਰੱਸੀ ਦੇ ਇੱਕ ਸਿਰੇ 'ਤੇ ਗੱਢ ਬੰਨ੍ਹ ਦਿਓ।
- ਮੀਟਰ ਰਾੱਡ ਨੂੰ ਰੱਸੀ ਦੇ ਨਾਲ ਰੱਖੋ।
- ਰੱਸੀ 'ਤੇ ਇੱਕ ਮੀਟਰ ਦਾ ਨਿਸ਼ਾਨ ਬਣਾਉ ਅਤੇ ਇੱਕ ਗੱਢ ਲਾ ਦਿਓ।
- ਹੁਣ ਇਨ੍ਹਾਂ ਦੋਨੋਂ ਗੱਢਾਂ ਦੀ ਵਿੱਚ ਦੀ ਲੰਬਾਈ 1 ਮੀਟਰ ਹੋਈ। ਇਹ ਹੋਈ ਤੁਹਾਡੀ ਮੀਟਰ ਦੀ ਰੱਸੀ।

ਜੇ ਤੁਹਾਨੂੰ ਮੀਟਰ ਰਾਡ ਨਾ ਮਿਲੇ ਤਾਂ ਤੁਸੀਂ ਨਾਪਣ ਵਾਲੇ ਫੀਤੇ ਦੀ ਵਰਤੋਂ ਕਰੋ। ਰੱਸੀ 'ਤੇ 100 ਸੈਂਟੀਮੀਟਰ ਦਾ ਨਿਸ਼ਾਨ ਲਗਾਓ। 100 ਸੈਂਟੀਮੀਟਰ ਇੱਕ ਮੀਟਰ ਦੇ ਬਰਾਬਰ ਹੁੰਦੇ ਹਨ।

**ਅੰਦਾਜ਼ਾ ਲਗਾਓ ਅਤੇ ਪੜਤਾਲ ਕਰੋ।**



*ਕਿਰਿਆ 1*

- ਕੁੱਝ ਇਸ ਤਰ੍ਹਾਂ ਦੀਆਂ ਚੀਜ਼ਾਂ ਲੱਭੋ ਜੋ ਕਿ 1 ਮੀਟਰ ਲੰਬੀਆਂ ਵਿਖਾਈ ਦਿੰਦੀਆਂ ਹਨ।
- ਮੀਟਰ ਵਾਲੀ ਰੱਸੀ ਦੀ ਵਰਤੋਂ ਕਰਕੇ ਦੱਸੋ ਕਿ ਇਸ ਵਿੱਚ ਕਿਹੜੀ ਚੀਜ਼ ਇੱਕ ਮੀਟਰ ਤੋਂ ਜ਼ਿਆਦਾ ਜਾਂ ਘੱਟ ਲੰਬੀ ਹੈ।

| *ਚੀਜ਼ਾਂ ਦੇ ਨਾਮ* | *1 ਮੀਟਰ ਤੋਂ ਜ਼ਿਆਦਾ* | *1 ਮੀਟਰ ਤੋਂ ਘੱਟ* |
|---|---|---|
| ਮੇਜ਼ ਦੀ ਲੰਬਾਈ | – | – |
| ਮੇਜ਼ ਦੀ ਚੌੜਾਈ | – | – |
| ਦਰਵਾਜ਼ੇ ਦੀ ਚੌੜਾਈ | – | – |
| ਦਰਵਾਜ਼ੇ ਦੀ ਲੰਬਾਈ | – | – |
| | – | – |
| | – | – |
| | – | – |

**ਕਿਰਿਆ 2**



ਜਮਾਤ ਤੀਸਰੀ ਦੇ ਕੁੱਝ ਬੱਚਿਆਂ ਨੇ 1 ਮੀਟਰ ਦਾ ਨਿਸ਼ਾਨ ਆਪਣੀ ਜਮਾਤ ਦੀ ਦੀਵਾਰ 'ਤੇ ਬਣਾਇਆ ਸੀ।

ਤੁਸੀਂ ਵੀ ਆਪਣੀ ਜਮਾਤ ਦੀ ਦੀਵਾਰ 'ਤੇ ਇੱਕ ਮੀਟਰ ਦਾ ਨਿਸ਼ਾਨ ਬਣਾ ਸਕਦੇ ਹੋ।

ਹੁਣ ਆਪਣੇ-ਆਪਣੇ ਦੋਸਤਾਂ ਦੀ ਲੰਬਾਈਆਂ ਦਾ ਇੱਕ ਚਾਰਟ ਬਣਾਓ।

ਸੈਂਟੀਮੀਟਰ ਨੂੰ ਨਾਪਣ ਲਈ ਤੁਸੀਂ ਆਪਣੇ ਛੋਟੇ ਫੁੱਟੇ ਦੀ ਵਰਤੋਂ ਕਰ ਸਕਦੇ ਹੋ।

| ਨਾਮ | 1 ਮੀਟਰ ਤੋਂ ਵੱਡਾ/ਛੋਟਾ/ਬਰਾਬਰ | 1 ਮੀਟਰ ਤੋਂ ਕਿੰਨੇ ਸੈਂਟੀਮੀਟਰ ਘੱਟ ਜਾਂ ਜ਼ਿਆਦਾ |
|---|---|---|
| ਸ਼ੇਬੂ | ਵੱਡਾ | 4 ਸੈਂਟੀਮੀਟਰ |
| ______ | ______ | ______ |
| ______ | ______ | ______ |
| ______ | ______ | ______ |
| ______ | ______ | ______ |



## ਸੈਂਟੀਮੀਟਰ ਜਾਂ ਮੀਟਰ?

ਇਹਨਾਂ ਵਿੱਚੋਂ ਕਿਸ ਦੀ ਲੰਬਾਈ ਸੈਂਟੀਮੀਟਰ ਵਿੱਚ ਹੋਵੇਗੀ ਅਤੇ ਕਿਸ ਦੀ ਮੀਟਰ ਵਿੱਚ?

- ਕੰਪਿਊਟਰ ਸਕਰੀਨ ਦੀ ਚੌੜਾਈ



- ਉਸ ਪੱਗ ਦੀ ਲੰਬਾਈ ਜਿਹੜੀ ਸਿੱਖ ਬੰਨ੍ਹਦੇ ਹਨ।
- 1 ਸਾਲ ਦੇ ਬੱਚੇ ਦੀ ਲੰਬਾਈ



- ਕੇਲੇ ਦੀ ਲੰਬਾਈ



- ਇੱਕ ਹਾਥੀ ਦੀ ਕਮਰ ਦਾ ਘੇਰਾ।



- ਗੰਨੇ ਦੀ ਉਚਾਈ
- ਖੂਹ ਦੀ ਡੂੰਘਾਈ
- ਤੁਹਾਡੀ ਮਾਂ ਦੀ ਲੰਬਾਈ



- ਤੁਹਾਡੇ ਘਰ ਤੋਂ ਤੁਹਾਡੇ ਸਕੂਲ ਦੀ ਦੂਰੀ
- ਤੁਹਾਡੇ ਪਿਤਾ ਦੇ ਹੱਥ ਦੀ ਲੰਬਾਈ

## ਚਲੋ ਆਗਰਾ ਚਲੀਏ

ਮੈਰੀ ਅਤੇ ਸ਼ੈਰੀ ਆਪਣੇ ਚਾਚਾ-ਚਾਚੀ ਨਾਲ ਆਗਰਾ ਜਾ ਰਹੇ ਸਨ । ਉਹ ਆਗਰਾ ਕੈਂਟ ਰੇਲਵੇ ਸਟੇਸ਼ਨ 'ਤੇ ਉਤਰੇ। ਰਿਕਸ਼ੇ ਵਿੱਚ ਬੈਠੇ ਅਤੇ ਤਾਜ ਮਹਿਲ ਪਹੁੰਚ ਗਏ।ਉਥੇ ਤਿੰਨ ਘੰਟੇ ਖੂਬ ਮਜ਼ਾ ਕੀਤਾ। ਫਿਰ ਰਿਕਸ਼ਾ ਲਿਆ ਅਤੇ ਆਗਰੇ ਦਾ ਕਿਲਾ ਦੇਖਣ ਪਹੁੰਚ ਗਏ। ਦੁਪਹਿਰ ਨੂੰ ਉਹਨਾਂ ਨੇ ਇਕ ਬੱਸ ਫੜੀ ਅਤੇ ਫਤਿਹਪੁਰ ਸੀਕਰੀ ਵੱਲ ਚੱਲ ਪਏ।

# ਆਗਰੇ ਦਾ ਨਕਸ਼ਾ




ਹੁਣ ਇਹਨਾਂ ਥਾਂਵਾਂ ਦੇ ਵਿਚਕਾਰ ਦੀਆਂ ਦੂਰੀਆਂ ਨੂੰ ਵੇਖੋ-

- ਆਗਰਾ ਕੈਂਟ ਰੇਲਵੇ ਸਟੇਸ਼ਨ ਤੋਂ ਤਾਜ ਮਹਿਲ-5 ਕਿਲੋਮੀਟਰ
- ਤਾਜ ਮਹਿਲ ਤੋਂ ਆਗਰਾ ਕਿਲਾ-2 ਕਿਲੋਮੀਟਰ
- ਆਗਰੇ ਦੇ ਕਿਲੇ ਤੋਂ ਫਤਿਹਪੁਰ ਸੀਕਰੀ- 40 ਕਿਲੋਮੀਟਰ

ਹੁਣ ਨਕਸ਼ੇ ਨੂੰ ਵੇਖ ਕੇ ਪਤਾ ਲਗਾਓ।

- ਰੇਲਵੇ ਸਟੇਸ਼ਨ ਤੋਂ ਜ਼ਿਆਦਾ ਦੂਰ ਕੀ ਹੈ - ਤਾਜ ਮਹਿਲ ਜਾਂ ਫ਼ਤਿਹਪੁਰ ਸੀਕਰੀ

ਇਹ ਨਿਸ਼ਾਨ ਰੇਲ ਪਟੜੀ ਦੇ ਲਈ ਹੈ।

ਕਿਹੜੀ ਥਾਂ ਰੇਲ ਪਟੜੀ ਦੇ ਜ਼ਿਆਦਾ ਨੇੜੇ ਹੈ:


- ਬਾਬਰਪੁਰ ਜੰਗਲ ਜਾਂ ਤਾਜ ਜੰਗਲ?
- ਆਗਰੇ ਦਾ ਕਿਲਾ ਜਾਂ ਤਾਜ ਮਹਿਲ?

ਯਮੁਨਾ ਨਦੀ ਦੇ ਜ਼ਿਆਦਾ ਨੇੜੇ ਕੀ ਹੈ :

- ਤਾਜ ਮਹਿਲ ਜਾਂ ਰੇਲਵੇ ਸਟੇਸ਼ਨ?

## ਸਹੀ ਲੰਬਾਈ ਨਾਲ ਮਿਲਾਓ

ਅੰਦਾਜ਼ਾ ਲਗਾਓ ਕਿ ਇਹਨਾਂ ਵਿੱਚੋਂ ਕਿਹੜੀ ਚੀਜ਼ ਕਿਸ ਲੰਬਾਈ ਦੇ ਨਾਲ ਮੇਲ ਖਾਂਦੀ ਹੈ। ਲਾਈਨ ਖਿੱਚ ਕੇ ਮਿਲਾਓ।



ਇੱਕ ਗੰਡੋਏ ਦੀ ਲੰਬਾਈ

2 ਕਿਲੋਮੀਟਰ




5 ਮੀਟਰ

ਇੱਕ ਬੱਚੇ ਦੀ ਲੰਬਾਈ



ਉਂਗਲੀ ਦੇ ਨਹੁੰ ਦੀ ਚੋੜਾਈ

10 ਸੈਂਟੀਮੀਟਰ



ਸਾੜੀ ਦੀ ਲੰਬਾਈ

1 ਸੈਂਟੀਮੀਟਰ





ਘਰ ਤੋਂ ਸਕੂਲ ਦੀ ਦੂਰੀ

1 ਮੀਟਰ

## ਕਿਸ ਦੀ ਪੂੰਛ ਸਭ ਤੋਂ ਵੱਡੀ ?


ਇਸ ਚਿੱਤਰ ਵਿੱਚ ਵਿਖਾਏ ਗਏ ਜਾਨਵਰਾਂ ਵਿੱਚ ਇੱਕ ਮੁਕਾਬਲਾ ਹੋਇਆ। ਤੈਅ ਕੀਤਾ ਗਿਆ ਕਿ ਜਿਸ ਜਾਨਵਰ ਦੀ ਪੂੰਛ ਸਭ ਤੋਂ ਲੰਬੀ ਹੋਵੇਗੀ ਉਸ ਨੂੰ ਇਨਾਮ ਮਿਲੇਗਾ। ਹੁਣ ਤੁਹਾਨੂੰ ਕੀ ਲੱਗਦਾ ਹੈ ਕਿ ਇਹਨਾਂ ਵਿੱਚੋਂ ਪਹਿਲਾ ਇਨਾਮ ਕਿਸ ਨੂੰ ਮਿਲੇਗਾ, ਅਤੇ ਦੂਜਾ ਕਿਸ ਨੂੰ ?

ਜ਼ਰਾ ਅੰਦਾਜ਼ਾ ਲਗਾਓ ਕਿ ਜਿਹੜੀ ਪੂੰਛ ਸਭ ਤੋਂ ਲੰਬੀ ਹੈ ਉਸ ਦੀ ਲੰਬਾਈ ਕਿੰਨੀ ਹੋਵੇਗੀ?



# 5 ਅਕ੍ਰਿਤੀਆਂ ਦਾ ਕਮਾਲ

## ਆਓ ਪਟਾਖਾ ਬਣਾਈਏ



## ਅਕ੍ਰਿਤੀਆਂ ਦੀ ਖੇਡ


**ਹੇਠਾਂ ਦਿੱਤੇ ਗਏ ਅਨੁਸਾਰ ਨਾਲ ਜੋਕਰ ਵਿੱਚ ਰੰਗ ਭਰੋ:**

ਤ੍ਰਿਭੁਜ — ਲਾਲ


ਵਰਗ — ਪੀਲਾ

ਆਇਤ — ਨੀਲਾ


ਚੱਕਰ — ਹਰਾ



ਹਰੇਕ ਚਿੱਤਰ ਵਿੱਚ ਕਿੰਨੀਆਂ ਕਿੰਨੀਆਂ ਤ੍ਰਿਭੁਜ ਹਨ?



ਹੇਠਾਂ ਦਿੱਤੇ ਚਿੱਤਰਾਂ ਵਿੱਚੋਂ ਸਭ ਤੋਂ
ਵੱਡੀ ਆਇਤ ਲੱਭੋ।



## ਕਿਨਾਰੇ ਅਤੇ ਕੋਨੇ

ਮੀਤਾ ਅਤੇ ਉਸਦੇ 5 ਦੋਸਤ ਇੱਕ ਖੇਡ ਖੇਡ ਰਹੇ ਸਨ। ਟਿੰਕੂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਸੀ। ਉਸ ਨੂੰ ਕਿਹਾ ਗਿਆ ਕਿ ਉਹ ਉੱਦੋਂ ਤੱਕ ਤਾੜੀ ਮਾਰਦਾ ਰਹੇ ਜਦੋਂ ਤੱਕ ਉਹ ਚਾਹੁੰਦਾ ਹੈ।ਬਾਕੀ ਬੱਚੇ ਮੇਜ਼ ਦੇ ਚਾਰੇ ਪਾਸੇ ਘੁੰਮਣਗੇ। ਜਿਵੇਂ ਹੀ ਟਿੰਕੂ ਤਾੜੀ ਵਜਾਉਣਾ ਬੰਦ ਕਰੇ, ਉਦੋਂ ਹੀ ਸਾਰੇ ਬੱਚੇ ਜਿੱਥੇ ਹੋਣ, ਉੱਥੇ ਰੁੱਕ ਜਾਣ। ਜਿਹੜਾ ਬੱਚਾ ਕੋਨੇ 'ਤੇ ਨਹੀਂ ਹੋਵੇਗਾ ਉਹ ਆਊਟ (ਖੇਡ ਵਿਚੋਂ ਬਾਹਰ) ਹੋਵੇਗਾ। ਹੁਣ ਅੱਖਾਂ 'ਤੇ ਪੱਟੀ ਬੰਨ੍ਹਣ ਦੀ ਵਾਰੀ ਉਸ ਦੀ ਹੋਵੇਗੀ।




(ੳ) ਉੱਪਰ ਦਿੱਤੇ ਗਏ ਚਿੱਤਰ ਨੂੰ ਵੇਖੋ, ਕੀ ਤੁਸੀ ਦੱਸ ਸਕਦੇ ਹੋ ਕਿ ਕੌਣ ਆਊਟ ਹੋਇਆ ਹੈ ?

(ਅ) ਗੁੱਡੂ ਕਿੱਥੇ ਖੜੀ ਹੈ ?

(ਗ) ਕੀ ਇਸ ਖੇਡ ਨੂੰ ਅਸੀਂ ਗੋਲ ਮੇਜ਼ ਦੇ ਚਾਰੇ ਪਾਸੇ ਘੁੰਮਦੇ ਹੋਏ ਖੇਡ ਸਕਦੇ ਹਾਂ ? ਕਿਉਂ ?

ਆਪਣੇ ਆਲੇ ਦੁਆਲੇ ਕਈ ਇਸ ਤਰ੍ਹਾਂ ਦੀਆਂ ਵਸਤੂਆਂ ਹਨ ਜਿਹਨਾਂ ਦੇ ਕਿਨਾਰੇ ਸਿੱਧੇ ਹੁੰਦੇ ਹਨ ?
ਉਦਾਹਰਣ ਲਈ:



ਕਈ ਅਜਿਹੀਆਂ ਵਸਤੂਆਂ ਹੁੰਦੀਆਂ ਹਨ ਜਿਹਨਾਂ ਦੇ ਕਿਨਾਰੇ ਘੁਮਾਵਦਾਰ (ਵਕਰ) ਹੁੰਦੇ ਹਨ। ਉਦਾਹਰਣ ਲਈ







(ੳ) ਆਪਣੇ ਆਲੇ ਦੁਆਲੇ ਵੇਖੋ । ਉਹਨਾਂ ਵਸਤੂਆਂ ਨੂੰ ਪਛਾਣੋ ਜਿਹਨਾਂ ਦੇ ਕਿਨਾਰੇ ਗੋਲ ਹੁੰਦੇ ਹਨ ਅਤੇ ਜਿਹਨਾਂ ਦੇ ਕਿਨਾਰੇ ਸਿੱਧੇ ਹਨ।

(ਅ) ਕੀ ਸਿੱਧੇ ਕਿਨਾਰਿਆਂ ਵਾਲੀਆਂ ਵਸਤੂਆਂ ਦੇ ਕੋਨੇ ਹੁੰਦੇ ਹਨ?

(ੲ) ਕੀ ਘੁਮਾਵਦਾਰ ਕਿਨਾਰਿਆਂ ਵਾਲੀਆਂ ਵਸਤੂਆਂ ਦੇ ਕੋਨੇ ਹੁੰਦੇ ਹਨ?


(ਸ) ਇਹੋ ਜਿਹੀਆਂ ਵਸਤੂਆਂ ਨੂੰ ਲੱਭਣ ਦੀ ਕੋਸ਼ਿਸ਼ ਕਰੋ ਜਿਹਨਾਂ ਦੇ ਦੋਨੋਂ ਤਰ੍ਹਾਂ ਦੇ ਕਿਨਾਰੇ ਹਨ-ਸਿੱਧੇ ਵੀ ਅਤੇ ਘੁਮਾਵਦਾਰ ਵੀ।

**ਕਿੰਨੇ ਮੋੜ ਕਿੰਨੇ ਕੋਨੇ ?**

1 ਇੱਕ ਆਇਤਾਕਾਰ ਕਾਗਜ਼ ਦਾ ਟੁੱਕੜਾ ਲਓ ।

2. ਇਸਦੇ ਕੋਨਿਆਂ ਨੂੰ ਗਿਣੋ ।

3. ਹੁਣ ਇਸ ਦੇ ਇੱਕ ਕੋਨੇ ਨੂੰ ਮੋੜ ਦਿਓ। ਦੱਸੋ -



(ੳ) ਇਸਦੇ ਕਿੰਨੇ ਕੋਨੇ ਹੋ ਗਏ ?

(ਅ) ਦੋ ਕੋਨੇ ਮੋੜਦੇ ਤਾਂ ਕਿੰਨੇ ਕੋਨੇ ਬਣਦੇ ?

* ਤਿੰਨ ਕੋਨੇ ਮੋੜਦੇ ਤਾਂ ?
* ਚਾਰ ਕੋਨੇ ਮੋੜਦੇ ਤਾਂ ?

(ਗ )ਕੀ ਤੁਸੀਂ ਇਸੇ ਕਾਗਜ਼ ਨੂੰ ਕਿਸੇ ਇਸ ਤਰ੍ਹਾਂ ਮੋੜ ਸਕਦੇ ਹੋ ਕਿ ਇਸ ਦੇ ਸਿਰਫ਼ ਤਿੰਨ ਕੋਨੇ ਰਹਿ ਜਾਣ ?


ਤੁਸੀਂ ਸਿਰਫ਼ ਦੋ ਵਾਰ ਹੀ ਕਾਗਜ਼ ਨੂੰ ਮੋੜ ਸਕਦੇ ਹੋ।

ਇਸ ਤੋਂ ਬਾਅਦ ਤੁਹਾਨੂੰ ਕਿਸ ਤਰ੍ਹਾਂ ਦੀ ਆਕ੍ਰਿਤੀ ਵੇਖਣ ਨੂੰ ਮਿਲੇਗੀ ?

4. ਇਸੇ ਕਿਰਿਆ ਨੂੰ ਕਾਗਜ਼ ਦੇ ਵਰਗਾਕਾਰ ਟੁੱਕੜੇ ਨਾਲ ਕਰੋ ।


5. ਕੀ ਤੁਸੀਂ ਵਰਗਾਕਾਰ ਕਾਗਜ਼ ਦੇ ਸਾਰੇ ਕੋਨਿਆਂ ਨੂੰ ਇਸ ਤਰ੍ਹਾਂ ਮੋੜ ਸਕਦੇ ਹੋ ਕਿ ਉਸ ਦੇ ਚਾਰ ਕੋਨੇ ਹੀ ਰਹਿਣ ?

ਹੇਠਾਂ ਇੱਕ ਨੀਲੀ ਪੀਲੀ ਸਾਰਣੀ ਦਿਤੀ ਗਈ ਹੈ ਜਿਸ ਵਿੱਚ ਉਹਨਾਂ ਚੀਜਾਂ ਦੇ ਨਾਂ ਦੇ ਸਾਹਮਣੇ ਸਹੀ (✓)ਦਾ ਨਿਸ਼ਾਨ ਲਗਾਓ ਜਿਹਨਾਂ ਦੇ ਕੋਨੇ ਹੁੰਦੇ ਹਨ। ਨਾਲ ਹੀ ਉਹਨਾਂ ਚੀਜਾਂ ਦੇ ਕਿਨਾਰਿਆਂ ਅਤੇ ਕੋਨਿਆਂ ਦੀ ਗਿਣਤੀ ਦਾ ਪਤਾ ਲਗਾਓ।

| ਚੀਜਾਂ ਦੇ ਨਾਂ | ਕੀ ਇਹਨਾਂ ਦੇ ਕੋਨੇ ਹੁੰਦੇ ਹਨ | ਕਿਨਾਰਿਆਂ ਦੀ ਸੰਖਿਆ | ਕੋਨਿਆਂ ਦੀ ਸੰਖਿਆ |
|---|---|---|---|
| ਪਾਸਾ  | ✓ | ______ | 8 |
| ਗੇਂਦ | | | |
| ਰਬੜ | | | |
| ਅੰਡਾ | | | |
| ਕਾਗਜ਼ ਦੀ ਸ਼ੀਟ | | | |

ਹੇਠਾਂ ਦਿੱਤੀਆਂ ਗਈਆਂ ਅਕ੍ਰਿਤੀਆਂ ਵਿੱਚ ਉਹਨਾਂ ਚੀਜਾਂ 'ਤੇ ਸਹੀ (✓)ਦਾ ਨਿਸ਼ਾਨ ਲਗਾਓ ਜਿਨ੍ਹਾਂ ਦੇ ਕੋਨੇ ਹਨ।

ਕੀ ਇਹਨਾਂ ਅਕ੍ਰਿਤੀਆਂ ਵਿੱਚ ਘੁਮਾਵਦਾਰ ਰੇਖਾਵਾਂ ਹਨ?




ਕੀ ਤੁਸੀਂ ਸਿਰਫ਼ ਸਿੱਧੀਆਂ ਰੇਖਾਵਾਂ ਨਾਲ ਇਸ ਤਰ੍ਹਾਂ ਦੀ ਆਕ੍ਰਿਤੀ ਬਣਾ ਸਕਦੇ ਹੋ ਜਿਸਦਾ ਕੋਈ ਕੋਨਾ ਨਾ ਹੋਵੇ?


## ਟੈਨਗ੍ਰਾਮ

ਟੈਨਗ੍ਰਾਮ ਚੀਨ ਦੀ ਇੱਕ ਪੁਰਾਣੀ ਬੁਝਾਰਤ ਹੈ। ਟੈਨਗ੍ਰਾਮ ਦੇ ਵੱਖ-ਵੱਖ ਟੁੱਕੜਿਆਂ ਨਾਲ ਅਸੀਂ ਕਈ ਜਾਨਵਰਾਂ, ਮਨੁੱਖਾਂ ਅਤੇ ਵਸਤੂਆਂ ਦੇ ਚਿੱਤਰ ਬਣਾ ਸਕਦੇ ਹਾਂ।

ਇਸ ਪੁਸਤਕ ਦੇ 201 ਪੰਨੇ 'ਤੇ ਤੁਹਾਨੂੰ ਚਿੱਤਰ ਵਿੱਚ ਵਿਖਾਏ ਗਏ ਵਰਗ ਦੀ ਤਰ੍ਹਾਂ ਦਾ ਇੱਕ ਵਰਗ ਮਿਲੇਗਾ। ਇਸ ਨੂੰ ਧਿਆਨ ਨਾਲ ਕੱਟ ਕੇ ਬਾਹਰ ਕੱਢੋ ਅਤੇ ਉਸ ਦੇ ਟੁੱਕੜਿਆਂ ਨੂੰ ਕੱਟ ਕੇ ਵੱਖ ਕਰੋ। ਪੰਜ ਟੁੱਕੜਿਆਂ ਦਾ ਇਹ ਸਮੂਹ 5- ਟੁੱਕੜਿਆਂ ਵਾਲਾ ਟੈਨਗ੍ਰਾਮ ਅਖਵਾਉਂਦਾ ਹੈ।




ਇਹਨਾਂ ਪੰਜ ਟੁੱਕੜਿਆਂ ਦੀ ਵਰਤੋਂ ਕਰ ਕੇ ਹੇਠਾਂ ਦਿੱਤੀਆਂ ਅਕ੍ਰਿਤੀਆਂ ਬਣਾਓ।



1. ਤੁਹਾਡੇ ਟੈਨਗ੍ਰਾਮ ਵਿਚ ਕਿੰਨੇ ਤ੍ਰਿਭੁਜ ਹਨ? ਕੀ ਸਾਰੇ ਆਕਾਰ ਵਿੱਚ ਬਰਾਬਰ ਹਨ? ਪਤਾ ਕਰੋ।
2. ਟੈਨਗ੍ਰਾਮ ਦੇ ਦੋ ਛੋਟੇ ਤ੍ਰਿਭੁਜ ਦੀ ਵਰਤੋਂ ਕਰ ਕੇ ਹੇਠਾਂ ਦਿੱਤੀਆਂ ਗਈਆਂ ਆਕ੍ਰਿਤੀਆਂ ਬਣਾਓ।



(1) (2) (3)

3. ਟੈਨਗ੍ਰਾਮ ਦੇ ਇਹੋ ਜਿਹੇ ਕਿਹੜੇ ਦੋ ਟੁੱਕੜੇ ਹਨ ਜਿਹੜੇ ਬਿਲਕੁਲ ਇਕੋ ਜਿਹੇ ਹਨ? ਕਰ ਕੇ ਵੇਖੋ।
4. 4 ਅਤੇ 5 ਨੰਬਰ ਦੇ ਟੁੱਕੜਿਆਂ ਨੂੰ ਲਓ। ਪਤਾ ਲਗਾਓ ਕਿ ਤ੍ਰਿਭੁਜ ਦੇ ਕਿਹੜੇ ਪਾਸਿਉਂ ਤੁਸੀਂ ਦੂਜੇ ਟੁੱਕੜੇ ਨੂੰ ਜੋੜ ਸਕਦੇ ਹੋ।
5. ਪਤਾ ਲਗਾਓ ਕਿ ਟੁੱਕੜਾ ਨੰਬਰ 1 ਅਤੇ 2 ਵਿੱਚ ਕਿਹੜਾ ਕਿਨਾਰਾ ਬਰਾਬਰ ਹੈ। ਇਸੇ ਤਰ੍ਹਾਂ ਬਰਾਬਰ ਕਿਨਾਰੇ ਲੱਭੋ-
   - 2 ਅਤੇ 4 ਵਿੱਚੋਂ
   - 1 ਅਤੇ 5 ਵਿੱਚੋਂ
   - 2 ਅਤੇ 5 ਵਿੱਚੋਂ


### 7-ਟੁੱਕੜਿਆਂ ਵਾਲਾ ਟੈਨਗ੍ਰਾਮ

ਸੱਤ ਟੁੱਕੜਿਆਂ ਵਾਲਾ ਟੈਨਗ੍ਰਾਮ ਦਾ ਚਿੱਤਰ ਦਿੱਤਾ ਇਥੇ ਗਿਆ ਹੈ। ਪੇਜ ਨੰਬਰ 201 ਤੋਂ ਇਸ ਨੂੰ ਕੱਟ ਕੇ ਕੱਢ ਲਓ। ਹੁਣ ਤੁਸੀਂ ਇਹਨਾਂ ਟੁੱਕੜਿਆ ਨੂੰ ਕੱਟਕੇ ਵੱਖ-ਵੱਖ ਕਰ ਲਓ ਅਤੇ ਵੱਖ-ਵੱਖ ਢੰਗਾਂ ਨਾਲ ਅਕ੍ਰਿਤੀਆਂ ਬਣਾਓ।




ਇਹਨਾਂ ਅਕ੍ਰਿਤੀਆਂ ਨੂੰ ਬਣਾਉਣ ਦੀ ਕੋਸ਼ਿਸ ਕਰੋ।






ਹੁਣ ਇਹਨਾਂ ਨੂੰ ਵੀ ਬਣਾਓ ਪਰ ਸਿਰਫ਼ ਉਹਨਾਂ ਟੁੱਕੜਿਆਂ ਨਾਲ ਜੋ ਇੱਥੇ ਲਿਖੇ ਗਏ ਹਨ।


ੳ) ਸਿਰਫ਼ ਤ੍ਰਿਭੁਜ ਨਾਲ



ਅ) ਸਿਰਫ਼ ਟੁੱਕੜਾ ਨੰਬਰ 1,2,3 ਅਤੇ 5 ਨਾਲ



ੲ) ਸਿਰਫ਼ ਦੋ ਤ੍ਰਿਭੁਜ ਨਾਲ



ਸ) ਸਿਰਫ਼ ਟੁੱਕੜਾ ਨੰਬਰ 1,2,3,4 ਅਤੇ 5 ਨਾਲ



## ਬੁਣਨ ਦੇ ਪੈਟਰਨ

ਗੋਲੂ ਅਤੇ ਬੀਨੂੰ ਆਪਣੀ ਚਾਚੀ ਨਾਲ ਬਜ਼ਾਰ ਗਏ। ਉਹਨਾਂ ਨੇ ਉੱਥੇ ਕਈ ਦਰੀਆਂ ਵੇਖੀਆਂ।




- ਇਹਨਾਂ ਦੇ ਕਿਨਾਰਿਆਂ 'ਤੇ ਤੁਹਾਨੂੰ ਕਿਸ ਤਰ੍ਹਾਂ ਦੀਆਂ ਅਕ੍ਰਿਤੀਆਂ ਵਿਖਾਈ ਦੇ ਰਹੀਆਂ ਹਨ। ਉਹਨਾਂ ਨੂੰ ਆਪਣੀ ਕਾਪੀ 'ਤੇ ਬਣਾਓ।
- ਕੀ ਕੋਈ ਅਕ੍ਰਿਤੀ ਕਿਸੀ ਪੈਟਰਨ ਵਿੱਚ ਵਾਰ-ਵਾਰ ਆ ਰਹੀ ਹੈ ? ਕਿਹੜੀ ?
- ਇਹ ਅਕ੍ਰਿਤੀ ਕਿਸ ਤਰ੍ਹਾਂ ਦੀਆਂ ਰੇਖਾਵਾਂ ਤੋਂ ਬਣੀ ਹੈ ?

  (ੳ) ਘੁਮਾਵਦਾਰ


  (ਅ) ਸਿੱਧੀਆਂ

  (ੲ) ਘੁਮਾਵਦਾਰ ਅਤੇ ਸਿੱਧੀਆਂ ਦੋਨੋਂ


- ਆਪਣੇ ਕੱਪੜੇ, ਆਪਣੀ ਮਾਂ ਦੀ ਸਾੜੀ, ਸ਼ਾਲ, ਚਟਾਈਆਂ ਅਤੇ ਦਰੀਆਂ ਨੂੰ ਧਿਆਨ ਨਾਲ ਦੇਖੋ। ਕੀ ਤੁਹਾਨੂੰ ਉਸ ਵਿੱਚੋਂ ਕਿਸੇ ਤਰ੍ਹਾਂ ਦਾ ਪੈਟਰਨ ਮਿਲਿਆ? ਉਸਨੂੰ ਆਪਣੀ ਕਾਪੀ 'ਤੇ ਬਣਾਓ।

## ਫਰਸ਼ ਦੇ ਪੈਟਰਨ


ਕੀ ਤੁਸੀਂ ਕੋਈ ਇਸ ਤਰ੍ਹਾਂ ਦਾ ਫਰਸ਼ ਦੇਖਿਆ ਹੈ ਜਿਸ 'ਤੇ ਡਿਜ਼ਾਇਨ ਹੋਵੇ?




ਕੀ ਤੁਹਾਨੂੰ ਪਤਾ ਹੈ ਕਿ ਇਹ ਡਿਜ਼ਾਇਨ ਕਿਵੇਂ ਬਣਾਏ ਜਾਂਦੇ ਹਨ? ਇਹ ਡਿਜ਼ਾਇਨ ਫਰਸ਼ 'ਤੇ ਟਾਇਲਾਂ ਜਾਂ ਰੰਗ - ਬਰੰਗੇ ਪੱਥਰ ਜੋੜ ਕੇ ਇਸ ਤਰ੍ਹਾਂ ਬਣਾਏ ਜਾਂਦੇ ਹਨ ਕਿ ਬਿਨ੍ਹਾਂ ਖਾਲੀ ਜਗ੍ਹਾ ਛੱਡਿਆਂ ਉਹ ਇੱਕ - ਦੂਜੇ ਨਾਲ ਜੁੜ ਸਕਣ। ਉਦਾਹਰਨ ਦੇ ਲਈ ਇਸ ਟਾਇਲ ਦੀ ਆਕ੍ਰਿਤੀ ਨੂੰ ਵੇਖੋ ਕਿ ਇਸ ਨੂੰ ਕਿਸ ਤਰ੍ਹਾਂ ਫਿਟ ਕੀਤਾ ਗਿਆ ਹੈ।




ਹੁਣ ਇਸ ਛੇ ਕਿਨਾਰਿਆਂ ਵਾਲੀ ਟਾਇਲ ਨੂੰ ਵੇਖੋ।



ਵੇਖੋ ਕਿਸ ਤਰ੍ਹਾਂ ਆਕ੍ਰਿਤੀ ਦੀਆਂ ਟਾਇਲਾਂ ਬਿਨ੍ਹਾਂ ਖਾਲੀ ਜਗ੍ਹਾ ਛੱਡਿਆਂ ਫਰਸ਼ ਨੂੰ ਪੂਰੀ ਤਰ੍ਹਾਂ ਢੱਕਦੀਆਂ ਹਨ।




1. ਇਥੇ ਵਿੱਚਕਾਰ ਚਾਰ ਟਾਇਲਾਂ ਹਨ। ਇਹਨਾਂ ਦੇ ਆਲੇ-ਦੁਆਲੇ ਚਾਰ ਪੈਟਰਨ ਬਣੇ ਹਨ। ਲਾਈਨ ਖਿੱਚ ਕੇ ਮਿਲਾਉ ਕਿ ਕਿਹੜਾ ਪੈਟਰਨ ਕਿਸ ਟਾਇਲ ਨਾਲ ਬਣਿਆ ਹੈ।




ਤੁਸੀਂ ਆਪਣੀਆਂ ਟਾਇਲਾਂ ਖੁਦ ਬਣਾ ਸਕਦੇ ਹੋ ਅਤੇ ਉਸ ਤੋਂ ਆਪਣੇ ਪੈਟਰਨ ਵੀ ਬਣਾ ਸਕਦੇ ਹੋ। ਇਸ ਪੁਸਤਕ ਦੇ ਪਿੱਛੇ ਕੁੱਝ ਟਾਇਲਾਂ ਦਿੱਤੀਆਂ ਗਈਆਂ ਹਨ। ਹਰ ਟਾਇਲ ਨੂੰ ਕੱਟ ਕੇ ਉਸਦੀ ਛਾਪ ਬਣਾਓ ਅਤੇ ਉਸ ਵਿੱਚ ਰੰਗ ਭਰੋ।


2. ਹੇਠਾਂ ਦਿੱਤੇ ਗਏ ਪੈਟਰਨ ਨੂੰ ਪੂਰਾ ਕਰੋ।



3. ਇਸ ਪੈਟਰਨ ਨੂੰ ਪੂਰਾ ਕਰੋ। ਹੁਣ ਪੰਨਾ ਨੰਬਰ 70 'ਤੇ ਦਿੱਤੇ ਗਏ ਪੈਟਰਨ ਨੂੰ ਵੇਖੋ। ਦੋਨਾਂ ਵਿੱਚ ਛੇ ਕਿਨਾਰੇ ਵਾਲੀ ਅਕ੍ਰਿਤੀਆਂ ਹਨ ਪਰ ਦੋਨਾਂ ਵਿੱਚ ਕੀ ਅੰਤਰ ਹੈ?



4. ਖੁਸ਼ਬੂ ਅਤੇ ਹਰੀਜ਼ ਆਗਰਾ ਵਿੱਚ ਰਹਿੰਦੇ ਹਨ। ਇੱਕ ਦਿਨ ਉਹ ਤਾਜ ਮਹਿਲ ਵੇਖਣ ਗਏ। ਤਾਜ ਮਹਿਲ ਦੇ ਫਰਸ਼ 'ਤੇ ਹੇਠਾਂ ਵਿਖਾਇਆ ਗਿਆ ਪੈਟਰਨ ਬਣਿਆ ਸੀ:





ਤੁਹਾਨੂੰ ਕੀ ਲੱਗਦਾ ਹੈ? ਆਪਣੇ ਦੋਸਤਾਂ ਨਾਲ ਗੱਲਬਾਤ ਕਰੋ।


## ਕਿਸ ਸਟਾਇਲ ਵਿੱਚ ਟਾਇਲ?

ਇਹ ਪੈਟਰਨ ਇਸ ਟਾਇਲ ਨਾਲ ਬਣੇ ਹਨ । 


ਇਸ ਪੈਟਰਨ ਵਿੱਚ ਤਿੰਨ ਤਰ੍ਹਾਂ ਦੇ ਰੰਗਾਂ ਦੀ ਵਰਤੋਂ ਕੀਤੀ ਗਈ ਹੈ ਤਾਂ ਕਿ ਇਹ ਪੌੜੀਆਂ ਵਰਗਾ ਵਿਖਾਈ ਦੇਵੇ।




ਜਦੋ ਦੋ ਰੰਗਾਂ ਦੀ ਵਰਤੋਂ ਕੀਤੀ ਗਈ ਤਾਂ ਇਹ ਪੀਲੇ ਅਤੇ ਨੀਲੇ ਫੁੱਲਾਂ ਦਾ ਇੱਕ ਅਲੱਗ ਪੈਟਰਨ ਬਣ ਗਿਆ।



ਵੱਖ-ਵੱਖ ਰੰਗਾਂ ਦੇ ਮੇਲ ਨਾਲ਼ ਆਪਣੇ ਪੈਟਰਨ ਬਣਾਓ।








ਕੀ ਤੁਸੀਂ ਇਸ ਆਕ੍ਰਿਤੀ ਨੂੰ ਕਿਸੇ ਹੋਰ ਪੈਟਰਨ ਵਿੱਚ ਦੇਖਿਆ ਹੈ-ਕਿਸੇ ਦੀਵਾਰ 'ਤੇ, ਕੱਪੜੇ 'ਤੇ, ਦਰੀ 'ਤੇ ਜਾਂ ਟੋਕਰੀ 'ਤੇ?

## ਖਜ਼ਾਨੇ ਦੀ ਖੋਜ

ਫ੍ਰੈਂਕ ਅਤੇ ਜੂਹੀ ਦੀ ਮਾਂ ਨੇ ਉਹਨਾਂ ਲਈ ਤੋਹਫਾ ਲੁਕਾ ਕੇ ਰੱਖਿਆ ਹੈ। ਪਰ ਉਹ ਚਾਹੁੰਦੀ ਹੈ ਕਿ ਉਹ ਦੋਨੋਂ ਮਿਲਕੇ ਇੱਕ ਖਜ਼ਾਨੇ ਦੀ ਤਰ੍ਹਾਂ ਉਸਨੂੰ ਲੱਭਣ। ਉਸਨੇ ਉਹਨਾਂ ਲੋਕਾਂ ਲਈ ਕੁੱਝ ਹਦਾਇਤਾਂ ਲਿਖ ਕੇ ਰੱਖ ਦਿੱਤੀਆਂ ਹਨ। ਕੀ ਤੁਸੀਂ ਜੂਹੀ ਅਤੇ ਫ੍ਰੈਂਕ ਦੀ ਮਦਦ ਕਰ ਸਕਦੇ ਹੋ ਤਾਂ ਕਿ ਉਹ ਆਪਣਾ ਖਜ਼ਾਨਾ ਲੱਭ ਸਕਣ?

1. ਸਭ ਤੋਂ ਵੱਡੇ ਰੁੱਖ ਤੋਂ ਸ਼ੁਰੂ ਕਰੋ।
2. ਰਸਤੇ 'ਤੇ ਅੱਗੇ ਵਧੋ।
3. ਛੇਵੀਂ ਟਾਇਲ ਤੋਂ ਖੱਬੇ ਪਾਸੇ ਮੁੜੋ।
4. ਕੁੱਝ ਕਦਮ ਚੱਲਣ ਤੋਂ ਬਾਅਦ ਤੁਹਾਨੂੰ ਆਪਣੇ ਸੱਜੇ ਪਾਸੇ ਇੱਕ ਪੌਦਾ ਵਿਖਾਈ ਦੇਵੇਗਾ।
5. ਇਸ ਰੁੱਖ ਦੇ ਸਭ ਤੋਂ ਨੇੜੇ ਖੇਡ ਰਹੇ ਬੱਚੇ ਦੀ ਫਰਾਕ ਵਿੱਚ ਰੰਗ ਭਰੋ।
6. ਪੌਦੇ ਤੋਂ ਫਿਰ ਚੱਲਣਾ ਸ਼ੁਰੂ ਕਰੋ।
7. ਚੌਥੀ ਟਾਇਲ ਤੋਂ ਦੁਬਾਰਾ ਖੱਬੇ ਮੁੜੋ।
8. ਰਸਤੇ ਵਿੱਚ ਤੁਸੀਂ ਵੇਖੋਗੇ ਕਿ ਚੌਥੀ ਟਾਇਲ ਦਾ ਕੋਨਾ ਟੁੱਟਾ ਹੋਇਆ ਹੈ।
9. ਤੁਹਾਨੂੰ ਉੱਥੇ ਜ਼ਮੀਨ 'ਤੇ ਇੱਕ ਗੇਂਦ ਅਤੇ ਇੱਕ ਬੈਟ ਪਏ ਹੋਏ ਮਿਲਣਗੇ।ਉਹਨਾਂ ਨੂੰ ਚੁੱਕਣਾ ਨਹੀਂ, ਸਿਰਫ਼ ਉਹਨਾਂ ਦੇ ਚਾਰੇ ਪਾਸੇ ਗੋਲ ਘੇਰਾ ਬਣਾ ਦਿਓ।
10. ਅੱਗੇ ਵਧੋ ਅਤੇ ਸੱਜੇ ਮੁੜੋ।
11. ਤੁਹਾਨੂੰ ਇੱਕ ਅੰਬ ਦਾ ਰੁੱਖ ਵਿਖਾਈ ਦੇਵੇਗਾ। ਰੁੱਖ ਉੱਤੇ ਕੁੱਝ ਅੰਬ ਵੀ ਦਿਖ ਰਹੇ ਹਨ। ਰੁੱਖ 'ਤੇ 11 ਅੰਬਾਂ ਵਿੱਚ ਰੰਗ ਭਰੋ।
12. ਅੰਬ ਦੇ ਰੁੱਖ ਦੇ ਆਲੇ-ਦੁਆਲੇ ਕੁੱਝ ਘਾਹ ਬਣਾਓ ਅਤੇ ਰਸਤੇ 'ਤੇ ਫਿਰ ਚਲਣਾ ਸ਼ੁਰੂ ਕਰੋ।
13. ਜਦੋਂ ਤੁਸੀਂ ਸਿੱਧੇ ਚਲੋਗੇ ਤਹਾਨੂੰ ਇੱਕ ਘਰ ਵਿਖਾਈ ਦੇਵੇਗਾ ।
14. ਉਸ ਘਰ ਦੇ ਪਿੱਛੇ ਇੱਕ ਝੋਲਾ ਹੈ। ਉਸਨੂੰ ਖੋਲੋ ਤੇ ਤੁਹਾਨੂੰ ਉਸਦੇ ਅੰਦਰ ਕੁਝ ਮਿੱਠਾ ਜਿਹਾ ਮਿਲੇਗਾ। ਹੁਣ ਦੱਸੋ ਫ੍ਰੈਂਕ ਅਤੇ ਜੂਹੀ ਦੀ ਮਾਂ ਨੇ ਝੋਲੇ ਵਿੱਚ ਕੀ ਰੱਖਿਆ ਹੋਵੇਗਾ ?



ਖਜ਼ਾਨੇ ਦੀ ਖੋਜ ਨੂੰ ਜਮਾਤ ਵਿਚ ਕਰਾਉਣ ਨਾਲ ਜਗ੍ਹਾ ਦੀ ਸਮਝ ਨੂੰ ਵਧਾਉਣ ਵਿਚ ਸਹਾਇਤਾ ਮਿਲੇਗੀ। ਇਸ ਕੰਮ ਨਾਲ ਬੱਚਿਆਂ ਵਿਚ ਸਥਿਤੀ (ਉੱਪਰ, ਹੇਠਾਂ, ਅੱਗੇ, ਪਿੱਛੇ), ਦੂਰੀ (ਨੇੜੇ, ਦੂਰ), ਆਕਾਰ (ਵੱਡਾ, ਛੋਟਾ) ਕੋਨੇ ਅਤੇ ਆਕ੍ਰਿਤੀਆਂ ਨੂੰ ਪਹਿਚਾਨਣ ਦੇ ਹੁਨਰ ਦਾ ਵਿਕਾਸ ਹੋਵੇਗਾ। ਇਸੇ ਤਰ੍ਹਾਂ ਦੇ ਹੋਰ ਕੁੱਝ ਕਿਰਿਆਵਾਂ ਕਰਾਉਣ ਨਾਲ ਬੱਚਿਆਂ ਨੂੰ ਕਈ ਹੁਨਰਾਂ ਦੇ ਵਿਕਾਸ ਵਿੱਚ ਮਦਦ ਮਿਲੇਗੀ।

# 6 *ਲੈਣ-ਦੇਣ ਦੀ ਖੇਡ

## ਕ੍ਰਿਕਟ ਮੈਚ

ਇੱਕ ਕ੍ਰਿਕਟ ਮੈਚ ਵਿੱਚ ਸ੍ਰੀਲੰਕਾ ਨੇ 235 ਦੌੜਾਂ ਬਣਾਈਆਂ। ਹੁਣ ਤੱਕ ਭਾਰਤ ਨੇ 123 ਦੌੜਾਂ ਬਣਾਈਆਂ ਹਨ। ਭਾਰਤ ਨੂੰ ਜਿੱਤਣ ਲਈ ਹੋਰ ਕਿੰਨੀਆਂ ਦੌੜਾਂ ਚਾਹੀਦੀਆਂ ਹਨ ?

ਭਾਰਤ ਨੂੰ ਜਿੱਤਣ ਲਈ 236 ਦੌੜਾਂ ਬਣਾਉਣ ਦੀ ਜਰੂਰਤ ਹੈ।

ਜਿੱਤਣ ਦੇ ਲਈ ਹੋਰ ਕਿੰਨੀਆਂ ਦੌੜਾਂ ਜ਼ਰੂਰੀ ਹਨ ?

236 - 123 = ?

ਅੰਦਾਜ਼ਾ ਲਗਾਓ....
ਭਾਰਤ ਨੂੰ ਜਿੱਤਣ ਲਈ ਚਾਹੀਦੀਆਂ
ੳ) 100 ਦੌੜਾਂ ਤੋਂ ਜ਼ਿਆਦਾ
ਅ) 100 ਦੌੜਾਂ ਤੋਂ ਘੱਟ





ਚਲੋ ਘਟਾਉਂਦੇ ਹਾਂ
ਪਹਿਲਾਂ ▲ ਵਿੱਚੋਂ ਦੂਸਰਾ ▲
ਲੈਂਦੇ ਹੋਏ।

| | 100 | 10 | 1 |
|---|---|---|---|
| ਜਿੱਤਣ ਲਈ ਦੌੜਾਂ | 2 | 3 | 6 |
| ਭਾਰਤ ਦੀਆਂ ਦੌੜਾਂ – | 1 | 2 | 3 |
| ਲੋੜੀਂਦੀਆਂ ਦੌੜਾਂ | 1 | 1 | 3 |

ਹੁਣ ਸਾਡੇ ਕੋਲ ਬਚੇ
100 10 ▲ ▲ ▲

ਭਾਰਤ ਨੂੰ ਜਿੱਤਣ ਲਈ ਚਾਹੀਦੀਆਂ ਹਨ 113 ਦੌੜਾਂ

### ਆਪਣੇ ਆਪ ਕਰਕੇ ਵੇਖੋ

ਗੀਤਾ ਦੇ ਬਟੂਏ ਵਿੱਚ 368 ਰੁਪਏ ਹਨ।

ਉਸਨੇ 123 ਰੁਪਏ ਦੀ ਇਕ ਪੁਸਤਕ ਖਰੀਦੀ।

ਉਸਦੇ ਬਟੂਏ ਵਿੱਚ ਹੁਣ ਕਿੰਨੇ ਰੁਪਏ ਬਚੇ ?

ਉਸਦੇ ਬਟੂਏ ਵਿੱਚ ਬਚੇ ਹੋਏ ਰੁਪਏ 368 ਰੁਪਏ - 123 ਰੁਪਏ = ?


ਅੰਦਾਜ਼ਾ ਲਗਾਓ

ਗੀਤਾ ਦੇ ਬਟੂਏ ਵਿਚ ਬਚੇ ਹੋਏ ਰੁਪਏ

(ੳ) 200 ਤੋਂ ਜ਼ਿਆਦਾ ਹਨ

(ਅ) 200 ਤੋਂ ਘੱਟ ਹਨ



| | 100 | 10 | 1 | |
|---|---|---|---|---|
| ਗੀਤਾ ਦੇ ਬਟੂਏ ਵਿਚ ਰੁਪਏ | 3 | 6 | 8 | 100 100 100 / 10 10 10 10 10 10 / ▲▲▲▲▲▲▲▲ |
| ਪੁਸਤਕ ਦਾ ਮੁੱਲ – | 1 | 2 | 3 | 100 / 10 10 / ▲▲▲ |
| | | | | |

ਵਿਦਿਆਰਥੀ ਨਾਲ ਇਸ ਉੱਤੇ ਚਰਚਾ ਕਰੋ ਕਿ ਉੱਪਰ ਕਿਸ ਸੰਖਿਆ ਨੂੰ ਲਿਖਿਆ ਜਾਵੇਗਾ ਅਤੇ ਕਿਉਂ।

ਕੀ ਤੁਸੀਂ ਨਬੀਲਾ ਦੀ ਮਦਦ ਕਰ ਸਕਦੇ ਹੋ?

ਨਬੀਲਾ ਦੀ ਮਾਤਾ ਜੀ ਨੇ ਉਸ ਨੂੰ ਬਜ਼ਾਰ ਤੋਂ ਕੁੱਝ ਸਮਾਨ ਖਰੀਦ ਕੇ ਲਿਆਉਣ ਲਈ ਕਿਹਾ। ਉਸਨੇ ਇਸ ਦੇ ਲਈ 245 ਰੁਪਏ ਦਿੱਤੇ। ਨਬੀਲਾ ਨੇ 127 ਰੁਪਏ ਵਿੱਚ 1 ਕਿਲੋ ਘਿਉ ਖਰੀਦਿਆ। ਦੁਕਾਨਦਾਰ ਨੇ ਉਸਨੂੰ 98 ਰੁਪਏ ਵਾਪਸ ਕੀਤੇ।

(ਕਿਲੋਗ੍ਰਾਮ ਨੂੰ ਕਿਲੋ ਵੀ ਕਹਿੰਦੇ ਅਤੇ ਲਿਖਦੇ ਹਨ।)



ਦੁਕਾਨਦਾਰ ਨੇ ਉਸਨੂੰ ਜਿਹੜੇ ਰੁਪਏ ਵਾਪਸ ਦਿੱਤੇ, ਕੀ ਉਹ ਠੀਕ ਸਨ?

ਆਓ ਪਤਾ ਕਰੀਏ।

| | 100 | 10 | ▲ |
|---|---|---|---|
| ਨਬੀਲਾ ਦੇ ਕੋਲ ਕੁੱਲ ਰੁਪਏ | 2 | 4 | 5 |
| ਘਿਉ ਦਾ ਮੁੱਲ | 1 | 2 | 7 |
| | | | |












| | 100 | 10 | ▲ |
|---|---|---|---|
| | 2 | ~~4~~ 3 | 5 (1 ਉਧਾਰ) |
| − | 1 | 2 | 7 |
| | | | |

| - | 100 | 10 | 1 |
|---|---|---|---|
| | 2 | $\overset{3}{\not 4}$ | $\overset{1}{5}$ |
| − | 1 | 2 | 7 |
| | | | 8 |




ਪੰਦਰਾਂ ▲ ਵਿੱਚੋਂ ਸੱਤ ▲ ਬਾਹਰ ਕੱਢਣ 'ਤੇ ਬਾਕੀ ਅੱਠ ▲ ਬੱਚਣਗੇ।

| - | 100 | 10 | 1 |
|---|---|---|---|
| | 2 | $\overset{3}{\not 4}$ | $\overset{1}{5}$ |
| − | 1 | 2 | 7 |
| | | 1 | 8 |




ਹੁਣ 10 ਬਾਹਰ ਕੱਢਣ 'ਤੇ ਸਿਰਫ਼ ਇੱਕ 10 ਬਚਿਆ

| - | 100 | 10 | 1 |
|---|---|---|---|
| | 2 | $\overset{3}{\not 4}$ | $\overset{1}{5}$ |
| − | 1 | 2 | 7 |
| | 1 | 1 | 8 |



ਹੁਣ 100 ਬਾਹਰ ਕੱਢਣ 'ਤੇ ਸਿਰਫ਼ ਇੱਕ 100 ਹੀ ਬਚਿਆ।

ਇਸ ਲਈ ਬਚੇ ਹੋਏ ਟੋਕਨ ਇਹ ਹੋਣਗੇ।



ਦੁਕਾਨਦਾਰ ਨੂੰ ਨਬੀਲਾ ਨੂੰ 118 ਰੁਪਏ ਵਾਪਸ ਦੇਣੇ ਚਾਹੀਦੇ ਸਨ।

**ਦੱਸੋ ਦੁਕਾਨਦਾਰ ਨੇ ਹੁਣ ਹੋਰ ਕਿੰਨੇ ਰੁਪਏ ਨਬੀਲਾ ਨੂੰ ਦੇਣੇ ਹਨ?**


## ਅਭਿਆਸ ਦਾ ਸਮਾਂ

1. ਨਿੱਕਾ ਕੱਛੂਕੁੰਮਾ 33 ਸਾਲ ਦਾ ਹੈ। ਉਸਦੀ ਮਾਂ 150 ਸਾਲ ਦੀ ਹੈ। ਮਾਂ ਤੋਂ ਨਿੱਕਾ ਕੱਛੂਕੁੰਮਾ ਕਿੰਨੇ ਸਾਲ ਛੋਟਾ ਹੈ?

ਨਿੱਕੇ ਕੱਛੂਕੁੰਮੇ ਦੀ ਮਾਂ ਦੀ ਉਮਰ ___150___ ਸਾਲ ਹੈ।

ਨਿੱਕੇ ਕੱਛੂਕੁੰਮੇ ਦੀ ਉਮਰ ___33___ ਸਾਲ ਹੈ।

| | 100 | 10 | 1 |
|---|---|---|---|
| | 1 | $^{4}\not{5}$ | $^{1}0$ |
| − | | 3 | 3 |
| | 1 | 1 | 7 |



ਨਿੱਕਾ ਕੱਛੂਕੁੰਮਾ, ਮਾਂ, ਕੱਛੂਕੁੰਮੇ ਤੋਂ 117 ਸਾਲ ਛੋਟਾ ਹੈ।

2. ਅਰਵਿੰਦ ਨੇ ਕਹਾਣੀ ਦੀ ਇਕ ਪੁਸਤਕ ਦੇ 69 ਪੰਨੇ ਪੜ੍ਹੇ। ਗੌਰੀ ਨੇ ਉਸੇ ਕਹਾਣੀ ਦੀ ਕਿਤਾਬ ਦੇ 95 ਪੰਨੇ ਪੜ੍ਹੇ। ਕਿਸ ਨੇ ਜ਼ਿਆਦਾ ਪੰਨੇ ਪੜ੍ਹੇ ਅਤੇ ਕਿੰਨੇ ਜ਼ਿਆਦਾ?




| | 10 | 1 |
|---|---|---|
| | 9 | 5 |
| − | 6 | 9 |
| | | |

ਅਧਿਆਪਕ ਵਿਦਿਆਰਥੀਆਂ ਨੂੰ ਆਪ ਸੋਚਣ ਲਈ ਕਹਿਣ ਕਿ ਉਹ ਸਵਾਲ ਨੂੰ ਹੱਲ ਕਰਨ ਲਈ ਕੀ ਕਰਨਗੇ- ਜੋੜ, ਘਟਾਓ, ਗੁਣਾ ਜਾਂ ਭਾਗ। ਇਸ ਤਰ੍ਹਾਂ ਦੇ ਬਹੁਤ ਸਾਰੇ ਅਭਿਆਸ ਕਰਵਾਏ ਜਾਣੇ ਚਾਹੀਦੇ ਹਨ।

3. ਰੀਨਾ ਨੇ ਆਪਣੇ ਘਰ ਦੇ ਲੱਗੇ ਬਿਜਲੀ ਦੇ ਮੀਟਰ ਨੂੰ ਪੜ੍ਹਿਆ। ਪਿਛਲੇ ਮਹੀਨੇ ਮੀਟਰ ਵਿੱਚ 118 ਯੂਨਿਟ ਸੀ।ਇਸ ਮਹੀਨੇ ਵਿੱਚ 193 ਹੋ ਗਏ ਹਨ।ਉਸਨੇ ਇੱਕ ਮਹੀਨੇ ਵਿੱਚ ਕਿੰਨੀ ਬਿਜਲੀ ਦੀ ਵਰਤੋਂ ਕੀਤੀ ਹੈ?

ਇਸ ਮਹੀਨੇ ਮੀਟਰ ਵਿੱਚ ਆਈ ਸੰਖਿਆ ______

ਪਿਛਲੇ ਮਹੀਨੇ ਮੀਟਰ ਵਿੱਚ ਆਈ ਸੰਖਿਆ ______




| 100 | 10 | 1 |
|---|---|---|
| 1 | 9 | 3 |
| 1 | 1 | 8 |
| | | |

ਉਸਨੇ ______ ਯੂਨਿਟ ਬਿਜਲੀ ਦੀ ਵਰਤੋਂ ਕੀਤੀ।

4. ਖੁਸ਼ਬੂ 125 ਰੁਪਏ ਦੀ ਇੱਕ ਕਮੀਜ਼ ਅਤੇ 165 ਰੁਪਏ ਦੀ ਇੱਕ ਪੈਂਟ ਲੈ ਕੇ ਆਈ । ਕੁੱਲ ਮਿਲਾ ਕੇ ਉਸਨੇ ਕਿੰਨੇ ਰੁਪਏ ਖਰਚ ਕੀਤੇ?

______ ਰੁਪਏ ਦੀ ਕਮੀਜ਼ ਖਰੀਦੀ'

______ ਰੁਪਏ ਦੀ ਪੈਂਟ ਖਰੀਦੀ।



| 100 | 10 | 1 |
|---|---|---|
| 1 | 6 | 5 |
| 1 | 2 | 5 |
| | | |

ਉਸਨੇ ਕੁੱਲ ਮਿਲਾ ਕੇ ______ ਰੁਪਏ ਖਰਚ ਕੀਤੇ।

5. ਹੇਠਾਂ ਦਿੱਤੇ ਗਏ ਸਵਾਲਾਂ ਨੂੰ ਹੱਲ ਕਰੋ:

| | | | | |
|---|---|---|---|---|
| 17 | 14 | 39 | 12 | 86 |
| − 3 | + 3 | −10 | +24 | −58 |
| | | | | |



| | | | |
|---|---|---|---|
| 139 | 237 | 325 | 474 |
| −110 | +213 | −204 | −136 |
| | | | |

| | | |
|---|---|---|
| 642 | 49 | 135 |
| −413 | +20 | +146 |
| | | |



6.ਆਪਣੇ ਉੱਤਰਾਂ ਦੀ ਪੜਤਾਲ ਕਰੋ:

| | | | |
|---|---|---|---|
| **236** | 122 | **340** | 312 |
| −114 | +114 | − 28 | + 28 |
| 122 | **236** | 312 | **340** |

6. ਰੇਸ਼ਮਾ ਨੇ ਘਟਾਓ ਦੇ ਕੁਝ ਸਵਾਲ ਕੀਤੇ ਹਨ। ਉਸਨੇ ਸਵਾਲ ਸਹੀ ਕੀਤੇ ਹਨ ਜਾਂ ਨਹੀਂ ਇਸਦੀ ਪੜਤਾਲ ਲਈ ਤੁਸੀਂ ਜੋੜ ਦੀ ਵਰਤੋਂ ਕਰੋ।ਹਰ ਸਹੀ ਉੱਤਰ ਦੇ ਲਈ ਇੱਕ ਠੀਕ (✓)ਦਾ ਨਿਸ਼ਾਨ ਲਗਾਓ।

| | | | |
|---|---|---|---|
| | **3** | **8** | **4** |
| – | 2 | 4 | 3 |
| | 1 | 4 | 1 |

| | | | |
|---|---|---|---|
| | 1 | 4 | 1 |
| + | 2 | 4 | 3 |
| | **3** | **8** | **4** |

✓

| | | | |
|---|---|---|---|
| | 4 | 6 | 8 |
| – | 1 | 3 | 9 |
| | 2 | 2 | 1 |

| | | | |
|---|---|---|---|
| | | | |
| + | | | |
| | | | |

| | | | |
|---|---|---|---|
| | 3 | 5 | 6 |
| – | 2 | 4 | 7 |
| | 1 | 1 | 9 |

| | | | |
|---|---|---|---|
| | | | |
| + | | | |
| | | | |

| | | | |
|---|---|---|---|
| | 4 | 6 | 8 |
| – | 2 | 2 | 4 |
| | 2 | 4 | 4 |

| | | | |
|---|---|---|---|
| | | | |
| + | | | |
| | | | |

7. ਰੰਗੀਨ ਖਾਨਿਆਂ ਵਿੱਚ ਛੱਡੀ ਹੋਈ ਸੰਖਿਆ ਨੂੰ ਭਰੋ।

| | | |
|---|---|---|
| | 7 | 8 |
| – | 3 | |
| | | 5 |

| | | | |
|---|---|---|---|
| | 2 | 1 | |
| – | 1 | | 7 |
| | | 3 | 2 |

| | | |
|---|---|---|
| | | 6 |
| – | 3 | |
| | 6 | 0 |


| | | | |
|---|---|---|---|
| | | 4 | 4 |
| – | 2 | 3 | 8 |
| | 2 | | |




ਅਧਿਆਪਕ ਬੱਚਿਆਂ ਨੂੰ ਉਤਸ਼ਾਹਿਤ ਕਰਨ ਕਿ ਉਹ ਗਲਤ ਉੱਤਰਾਂ 'ਤੇ ਚਰਚਾ ਕਰਨ ਅਤੇ ਉਹਨਾਂ ਨੂੰ ਸਹੀ ਕਰਨ।ਬੱਚਿਆਂ ਨੂੰ ਦੂਜਿਆਂ ਦੀ ਗਲਤੀਆਂ ਸੁਧਾਰਨ ਵਿਚ ਕਾਫੀ ਮਜ਼ਾ ਆਉਂਦਾ ਹੈ (ਇਸ ਤਰ੍ਹਾਂ ਦਾ ਮੌਕਾ ਘੱਟ ਹੀ ਮਿਲਦਾ ਹੈ!) ਅਤੇ ਉਹ ਇਸ ਕਿਰਿਆ ਵਿਚ ਕਾਫੀ ਕੁਝ ਸਿੱਖਦੇ ਹਨ।

## ਚਲੋ ਚਿੱਠੀਆਂ ਵੰਡੀਏ

ਸਾਡਾ ਡਾਕੀਆ ਚਾਚਾ ਅੱਜ ਬਿਮਾਰ ਹੈ।ਚਲੋ ਉਹਨਾਂ ਦੀ ਜਗ੍ਹਾ ਅਸੀਂ ਚਿੱਠੀਆਂ ਵੰਡਦੇ ਹਾਂ।



| | | | | | | | | | |
|---|---|---|---|---|---|---|---|---|---|
| 481 | 482 | 483 | 484 | 485 | 486 | 487 | 488 | 489 | 490 |
| 471 | 472 | 473 | 474 | 475 | 476 | 477 | 478 | 479 | 480 |
| 461 | 462 | 463 | 464 | 465 | 466 | 467 | 468 | 469 | 470 |
| 451 | 452 | 453 | 454 | 455 | 456 | 457 | 458 | 459 | 460 |
| 441 | 442 | 443 | 444 | 445 | 446 | 447 | 448 | 449 | 450 |
| 431 | 432 | 433 | 434 | 435 | 436 | 437 | 438 | 439 | 440 |

ਹਰ ਚਿੱਠੀ 'ਤੇ ਸਹੀ ਕਮਰਾ ਸੰਖਿਆ ਲਿਖੋ। ਫਿਰ ਇਸ ਘਰ ਵਿੱਚ ਕਮਰਿਆਂ ਦਾ ਪਤਾ ਲਗਾਓ ਅਤੇ ਉਸ ਉੱਤੇ ਘੇਰਾ ਬਣਾਓ।

ਕਮਰਾ ਸੰਖਿਆ 455 'ਤੇ ਇੱਕ ਘੇਰਾ ਬਣਾਓ

- 445 +10 — ਕਮਰਾ 455
- 467 +11 — ਕਮਰਾ
- 450 −19 — ਕਮਰਾ
- 430 +15 — ਕਮਰਾ
- 456 −20 — ਕਮਰਾ 436
- 480 −9 — ਕਮਰਾ
- 498 −23 — ਕਮਰਾ
- 467 +22 — ਕਮਰਾ
- 430 +20 +13 — ਕਮਰਾ
- 452 +18 — ਕਮਰਾ
- 461 +25 — ਕਮਰਾ
- 426 +38 — ਕਮਰਾ
- 429 +10 +20 — ਕਮਰਾ
- 466 −33 — ਕਮਰਾ
- 410 +13 +11 — ਕਮਰਾ

ਅਧਿਆਪਕ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਕਿ ਉਹ ਸਵਾਲਾਂ ਨੂੰ ਉੱਪਰ ਦਿੱਤੇ ਗਏ ਚਾਰਟ ਦੇ ਸਹਾਰੇ ਮਨ ਹੀ ਮਨ ਵਿਚ ਹੱਲ ਕਰਨ।

ਛੱਡੀਆਂ ਹੋਈ ਸੰਖਿਆਵਾਂ ਦਾ ਪਤਾ ਲਗਾਓ


ਇਹ ਸੰਖਿਆ ਪੈਟਰਨ ਦੇਖੋ ਅਤੇ ਛੱਡੀ ਹੋਈ ਸੰਖਿਆ ਦਾ ਪਤਾ ਲਗਾਓ।

(ੳ) 100, 200, 300, ____, ____, 600, ____

(ਅ) 


(ੲ) 50, 100, 150, 200, ____, ____, ____, ____

(ਸ) 



(ਹ) 



(ਕ) 280, 260, 240, ____, ____, ____, ____

(ਖ) 125, 150, 175, 200, ____, 250, ____, ____


## ਮਨ ਹੀ ਵਿੱਚ ਮਨ ਗਣਿਤ

ੳ)






ਅ)




ੲ)




ਸ)



ਅਭਿਆਸ ਦਾ ਸਮਾਂ



1. ਇੰਦੂ ਦੀ ਪੈਨਸਿਲ 15 ਸੈਂਟੀਮੀਟਰ ਲੰਬੀ ਹੈ। ਜੋਤੀ ਦੀ ਪੈਨਸਿਲ 8 ਸੈਂਟੀਮੀਟਰ ਲੰਬੀ ਹੈ। ਕਿਹੜੀ ਪੈਨਸਿਲ ਜ਼ਿਆਦਾ ਲੰਬੀ ਹੈ?

ਕਿੰਨੀ ਜ਼ਿਆਦਾ ਲੰਬੀ ਹੈ?

2. ਆਪਣੇ ਮਾਤਾ ਪਿਤਾ ਨੂੰ ਪੁੱਛੋ-

1 ਕਿਲੋ ਨਮਕ ਦਾ ਰੇਟ -

1 ਕਿਲੋ ਖੰਡ ਦਾ ਰੇਟ -

ਇਨ੍ਹਾਂ ਵਿੱਚੋਂ ਕਿਹੜਾ ਜ਼ਿਆਦਾ ਕੀਮਤੀ ਹੈ?
ਇਸਦੀ ਕੀਮਤ ਕਿੰਨੀ ਜ਼ਿਆਦਾ ਹੈ?






3. ਅਜੈ ਨੂੰ ਰੋਟੀਆਂ ਬਣਾਉਣ ਲਈ 25 ਮਿੰਟ ਲੱਗੇ ਅਤੇ ਫਿਰ ਦਾਲ ਬਣਾਉਣ ਵਿੱਚ 15 ਮਿੰਟ ਲੱਗੇ। ਉਸ ਨੂੰ ਦੋਨੋਂ ਚੀਜ਼ਾਂ ਬਣਾਉਣ ਵਿੱਚ ਕੁੱਲ ਕਿੰਨਾ ਸਮਾਂ ਲੱਗਾ?

4. ਚੰਚਲ ਸਕੂਲ ਦੇ ਲਈ ਸਵੈਟਰ ਵੇਚਦੀ ਹੈ। ਦੋ ਦਿਨਾਂ ਵਿੱਚ ਉਸ ਨੇ ਲਾਲ, ਨੀਲੇ, ਅਤੇ ਸਲੇਟੀ ਰੰਗ ਦੇ ਸਵੈਟਰ ਵੇਚੇ

| | ਲਾਲ | ਨੀਲਾ | ਸਲੇਟੀ |
|---|---|---|---|
| ਪਹਿਲੇ ਦਿਨ ਵੇਚੇ ਸਵੈਟਰ | 38 | 66 | 74 |
| ਦੂਸਰੇ ਦਿਨ ਵੇਚੇ ਸਵੈਟਰ | 40 | 23 | 89 |

ਉੱਪਰ ਦੇਖੋ ਅਤੇ ਹੇਠਾਂ ਦਿੱਤੇ ਗਏ ਸਵਾਲਾਂ ਦੇ ਉੱਤਰ ਦਿਓ।

(ੳ) ਚੰਚਲ ਨੇ 2 ਦਿਨਾਂ ਵਿੱਚ ਕੁੱਲ ਮਿਲਾ ਕੇ ਕਿੰਨੇ ਸਵੈਟਰ ਵੇਚੇ ਹਨ?

(ਅ) ਕੀ ਉਸਨੇ ਦੋ ਦਿਨਾਂ ਵਿੱਚ ਨੀਲੇ ਸਵੈਟਰ ਤੋਂ ਜ਼ਿਆਦਾ ਲਾਲ ਸਵੈਟਰ ਵੇਚੇ ਹਨ ?

(ੲ) ਉਸਨੇ ਪਹਿਲੇ ਦਿਨ ਕਿੰਨੇ ਲਾਲ ਅਤੇ ਕਿੰਨੇ ਸਲੇਟੀ ਸਵੈਟਰ ਵੇਚੇ-120 ਤੋਂ ਜ਼ਿਆਦਾ ਜਾਂ 120 ਤੋਂ ਘੱਟ ? ਸਹੀ ਜਵਾਬ 'ਤੇ (✓) ਦਾ ਨਿਸ਼ਾਨ ਲਗਾਓ।

120 ਤੋਂ ਜ਼ਿਆਦਾ ☐ 120 ਤੋਂ ਘੱਟ ☐

(ਸ) ਦੂਸਰੇ ਦਿਨ ਉਸਨੇ ਕੁੱਲ ਮਿਲਾ ਕੇ ਕਿੰਨੇ ਸਵੈਟਰ ਵੇਚੇ- 140 ਤੋਂ ਜ਼ਿਆਦਾ ਜਾਂ 140 ਤੋਂ ਘੱਟ ? ਸਹੀ ਜਵਾਬ 'ਤੇ (✓) ਦਾ ਨਿਸ਼ਾਨ ਲਗਾਓ।

140 ਤੋਂ ਜ਼ਿਆਦਾ ☐ 140 ਤੋਂ ਘੱਟ ☐

### *5. ਕੀ ਸੰਗੀਤਾ ਸਹੀ ਹੈ?*

ਸੰਗੀਤਾ ਆਪਣੇ ਦਾਦਾ ਜੀ ਨਾਲ ਬਜ਼ਾਰ ਗਈ?




ਉਸਨੇ ਉੱਥੇ ਰੱਖੇ ਸਮਾਨਾਂ ਦੀਆਂ ਕੀਮਤਾਂ ਵੇਖੀਆਂ ਅਤੇ ਆਪਣੇ ਦਾਦਾ ਜੀ ਨੂੰ ਕਿਹਾ--

(ੳ) ਘਿਉ ਦਾ ਟੀਨ ਬਿਸਕੁਟਾਂ ਦੇ ਪੈਕਟ ਤੋਂ 102 ਰੁਪਏ ਜ਼ਿਆਦਾ ਮਹਿੰਗਾ ਹੈ। ☐

(ਅ) ਤੇਲ ਅਤੇ ਘਿਉ ਦੀ ਕੀਮਤ ਮਿਲਾ ਕੇ 200 ਰੁਪਏ ਤੋਂ ਜ਼ਿਆਦਾ ਹੈ। ☐

(ੲ) ਘਿਉ ਦਾ ਟੀਨ ਅਤੇ 10 ਕਿਲੋ ਚੌਲਾਂ ਦੀ ਕੀਮਤ 300 ਰੁਪਏ ਤੋਂ ਘੱਟ ਹੈ। ☐

(ਸ) ਤੇਲ ਦੀ ਕੀਮਤ ਬਿਸਕੁਟ ਦੇ ਪੈਕਟ ਤੋਂ 40 ਰੁਪਏ ਜ਼ਿਆਦਾ ਹੈ। ☐

ਕੀ ਸੰਗੀਤਾ ਸਹੀ ਹੈ? ਉੱਪਰ ਦਿੱਤੇ ਗਏ ਖਾਨਿਆਂ ਵਿਚ (✓) ਜਾਂ (×) ਦਾ ਨਿਸ਼ਾਨ ਲਗਾਓ।

ਕੀ ਤੁਸੀਂ ਬਿਨ੍ਹਾਂ ਲਿਖੇ ਇਸਦਾ ਪਤਾ ਲਗਾ ਸਕਦੇ ਹੋ?

## ਕਹਾਣੀ ਉੱਤੇ ਸਵਾਲ

ਨਿਸ਼ਾ ਅਤੇ ਸੋਨੂੰ ਸਵਾਲ ਬਣਾਉਣ ਦੀ ਖੇਡ ਖੇਡ ਰਹੇ ਸਨ। ਨਿਸ਼ਾ ਨੇ ਕਿਹਾ- ਇੱਕ ਜਮਾਤ ਵਿੱਚ 13 ਮੁੰਡੇ ਅਤੇ 14 ਕੁੜੀਆਂ ਹਨ। ਸੋਨੂੰ, ਕੀ ਤੂੰ ਇਸ ਉੱਤੇ ਕੋਈ ਸਵਾਲ ਬਣਾ ਸਕਦਾ ਹੈ?

ਸੋਨੂੰ ਨੇ ਲਿਖਿਆ

| |
|---|
| ਜਮਾਤ ਵਿੱਚ 13 ਮੁੰਡੇ ਅਤੇ 14 ਕੁੜੀਆਂ ਹਨ। |
| ਤਾਂ ਕੁੱਲ ਮਿਲਾਕੇ ਕਿੰਨੇ ਵਿਦਿਆਰਥੀ ਹਨ? |

ਤੁਸੀਂ ਆਪਣੇ ਦੋਸਤਾਂ ਦੇ ਨਾਲ ਮਿਲਕੇ ਇਸ ਕਹਾਣੀ ਉੱਤੇ ਸਵਾਲ ਬਣਾ ਸਕਦੇ ਹੋ। ਹੇਠਾਂ ਦਿੱਤੇ ਗਏ ਚਿੱਤਰਾਂ ਵਿੱਚ ਕਹਾਣੀ ਲੁਕੀ ਹੈ। ਹਰ ਚਿੱਤਰ ਦੇ ਸਾਹਮਣੇ ਲਿਖੇ ਸ਼ਬਦਾਂ ਨੂੰ ਪੜ੍ਹੋ ਅਤੇ ਚਿੱਤਰ ਦੇ ਹੇਠਾਂ ਆਪਣੇ ਸਵਾਲਾਂ ਨੂੰ ਲਿਖੋ।


(ੳ) 36 ਆਦਮੀ ਅਤੇ 52 ਔਰਤਾਂ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਹੇ ਹਨ।



(ਅ) ਅਸੀਂ ਦੁਪਹਿਰ ਦਾ ਖਾਣਾ 20 ਮਿੰਟ ਵਿੱਚ ਖਾਧਾ ਅਤੇ ਫਿਰ 15 ਮਿੰਟ ਖੇਡ ਖੇਡੀ।



(ੲ) ਡਾਕਖਾਨਾ ਸਾਹਿਦ ਦੇ ਘਰ ਤੋਂ 1 ਕਿਲੋਮੀਟਰ ਦੂਰ ਹੈ ਅਤੇ ਉਸਦੇ ਸਕੂਲ ਤੋਂ ਦੋਂ ਕਿਲੋਮੀਟਰ ਦੂਰ ਹੈ।



(ਸ) ਬੰਟੀ ਨੇ 27 ਕਿਤਾਬਾਂ ਪੜ੍ਹੀਆਂ ਅਤੇ ਬਬਲੀ ਨੇ 34 ਕਿਤਾਬਾਂ ਪੜ੍ਹੀਆਂ।



ਘਟਾਉਣ ਦੇ ਲਈ ਗਿਣੋ!

ਡੋਲਮਾ ਨੇ 4 ਦਰਜਨ (48) ਕੇਲੇ ਖਰੀਦੇ ਅਤੇ ਆਪਣੇ ਹਰ ਦੋਸਤ ਨੂੰ ਇਕ ਕੇਲਾ ਦਿੱਤਾ। ਹੁਣ 13 ਕੇਲੇ ਬਚ ਗਏ ਹਨ। ਕਿੰਨੇ ਦੋਸਤਾਂ ਨੂੰ ਕੇਲੇ ਮਿਲੇ?

ਜਿਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਇਸਦਾ ਪਤਾ 13 ਤੋਂ ਅੱਗੇ ਗਿਣ ਕੇ ਲਗਾਇਆ ਜਾ ਸਕਦਾ ਹੈ। ਇਹ ਆਸਾਨ ਹੋਵੇਗਾ ਕਿ ਅਸੀਂ 10 ਦੀ ਛਾਲ ਲਗਾਉਂਦੇ ਹੋਏ ਗਿਣੀਏ। ਤੁਸੀਂ ਚਾਹੋ ਤਾਂ ਪੇਜ 29 ਉੱਤੇ ਦਿਖਾਏ ਕਿੱਟੂ ਦੇ ਘਰ ਦੀ ਵਰਤੋਂ ਵੀ ਕਰ ਸਕਦੇ ਹੋ।



ਇਸ ਲਈ 48 – 13




10 + 10 + 10 + 5 = <u>35</u>

ਇਸ ਲਈ 48 – 13 = [35]

ੳ) 56 – 37 = [?]




10 + 10 – 1 = ______

ਇਸ ਲਈ 56 – 37 = [ ]

ਅ) 60 – 45 = ?




5 + 10 = ______

ਇਸ ਲਈ 60 – 45 = [ ]



ੲ) 80 – 59




______ + ______ + ______ = [ ]

ਇਸ ਲਈ 80 – 59 = [ ]

ਸ) 85 – 63 = [ ]

ਹ) 84 – 69 = [ ]

ਕ) 60 – 20 = [ ]


ਖ) 90 – 50 = [ ]

ਰਾਜੇ ਦੇ ਘੋੜੇ ....

ਇੱਕ ਰਾਜਾ ਸੀ। ਉਹ ਸਿਰਫ਼ 9 ਤੱਕ ਗਿਣ ਸਕਦਾ ਸੀ। ਤੁਸੀਂ ਕਿਹੜੀ ਸੰਖਿਆ ਤੱਕ ਗਿਣ ਸਕਦੇ ਹੋ?

ਰਾਜੇ ਨੂੰ ਘੋੜਿਆਂ ਨਾਲ ਬਹੁਤ ਪਿਆਰ ਸੀ ਪਰ ਉਹ ਕਦੇ ਵੀ ਉਹਨਾਂ ਸਾਰਿਆ ਨੂੰ ਨਹੀਂ ਗਿਣ ਸਕਿਆ ਸੀ।ਉਹ ਉਹਨਾਂ ਨੂੰ ਇਸ ਤਰੀਕੇ ਨਾਲ ਰੱਖਦਾ ਸੀ ਕਿ ਉਸ ਨੂੰ ਹਰ ਪਾਸਿਓਂ ਸਿਰਫ਼ 9 ਤੱਕ ਗਿਣਨ ਦੀ ਜ਼ਰੂਰਤ ਹੋਵੇ।






ਰਾਜੇ ਦੇ ਕੋਲ ਕੁੱਲ ਮਿਲਾਕੇ ਕਿੰਨੇ ਘੋੜੇ ਸਨ? ______

ਇੱਕ ਦਿਨ ਆਪਣੇ ਚਾਰ ਘੋੜਿਆਂ ਦੇ ਨਾਲ ਇੱਕ ਯਾਤਰੀ ਉੱਥੇ ਆਇਆ। ਰਾਤ ਬਹੁਤ ਹੋ ਗਈ ਸੀ ਇਸ ਲਈ ਉਹ ਰਾਤ ਨੂੰ ਉੱਥੇ ਰੁਕਣਾ ਚਾਹੁੰਦਾ ਸੀ। ਰੱਖਵਾਲਾ ਘਬਰਾ ਕੇ ਬੋਲਿਆ- ਨਾ ਬਾਬਾ ਨਾ, ਰਾਜੇ ਨੂੰ ਪਤਾ ਚੱਲ ਗਿਆ ਤਾਂ ਬਸ ਹੋ ਗਈ ਛੁੱਟੀ! ਯਾਤਰੀ ਨੇ ਉਸ ਨੂੰ ਕਿਹਾ- ਤੁਸੀਂ ਘਬਰਾਓ ਨਾ, ਰਾਜੇ ਨੂੰ ਕਦੇ ਪਤਾ ਨਹੀਂ ਚੱਲੇਗਾ । ਯਾਤਰੀ ਨੇ ਘੋੜਿਆਂ ਨੂੰ ਇਸ ਤਰ੍ਹਾਂ ਰੱਖਿਆ-





ਹੁਣ ਇੱਥੇ ਕਿੰਨੇ ਘੋੜੇ ਹਨ? ________



ਰਾਤ ਨੂੰ ਰਾਜਾ ਉੱਥੇ ਆਇਆ ਅਤੇ ਉਸਨੇ ਘੋੜਿਆਂ ਨੂੰ ਗਿਣਿਆ। ਚਾਰਾਂ ਪਾਸਿਆਂ ਤੋਂ ਉਸਨੇ 9 ਹੀ ਗਿਣੇ। ਉਸਨੇ ਕਿਹਾ - ਹਾਂ, ਸਭ ਠੀਕ ਹੈ ਅਤੇ ਉਹ ਘੋੜੇ ਗਿਣ ਕੇ ਖੁਸ਼ੀ ਨਾਲ ਸੌਣ ਚਲਾ ਗਿਆ।

ਸਵੇਰੇ ਉੱਠਦੇ ਹੀ ਚਲਾਕ ਯਾਤਰੀ ਨੇ ਇੱਕ ਦੂਸਰੀ ਤਰਕੀਬ ਲਗਾਈ। ਉਸਨੇ ਆਪਣੇ ਚਾਰ ਘੋੜੇ ਤਾਂ ਬਾਹਰ ਕੱਢ ਹੀ ਲਏ, ਨਾਲ ਹੀ ਰਾਜੇ ਦੇ ਕੁੱਝ ਘੋੜੇ ਵੀ ਲੈ ਕੇ ਭੱਜ ਗਿਆ। ਉਹ ਰਾਜੇ ਦੇ ਘੋੜਿਆਂ ਨੂੰ ਇਸ ਤਰ੍ਹਾਂ ਖੜ੍ਹਾ ਕਰ ਗਿਆ--





ਮੂਰਖ ਰਾਜੇ ਨੂੰ ਇਹ ਪਤਾ ਨਹੀ ਲੱਗਾ
ਕਿ ਉਸਦੇ ਕੁੱਝ ਘੋੜੇ ਉੱਥੇ ਨਹੀਂ ਹਨ।
ਕੀ ਤੁਸੀਂ ਰਾਜੇ ਨੂੰ ਦੱਸ ਸਕਦੇ ਹੋ?


ਹੁਣ ਕਿੰਨੇ ਘੋੜੇ ਬਚੇ ਹਨ? ________

ਰਾਜੇ ਦੇ ਕਿੰਨੇ ਘੋੜੇ ਉੱਥੋਂ ਭਜਾ ਦਿੱਤੇ ਗਏ?

(ਇਹ ਤਾਮਿਲ ਲੋਕ ਕਥਾ 'ਤੇ ਅਧਾਰਿਤ ਹੈ । ਇਸ ਨੂੰ 'Numeracy Counts!' ਨਾਂ ਦੀ ਕਿਤਾਬ ਤੋਂ ਲਿਆ ਗਿਆ ਹੈ।)




ਅਸੀਂ ਕਿਹੜੀਆਂ ਸੰਖਿਆਵਾਂ ਹਾਂ?
ਜੇ ਤੁਸੀਂ ਸਾਨੂੰ ਦੋਨਾਂ ਨੂੰ ਜੋੜ ਦਿੰਦੇ ਹੋ ਤਾਂ 100 ਮਿਲੇਗਾ।
ਸਾਡੇ ਦੋਨਾਂ ਵਿਚ ਅੰਤਰ ਵੀ 100 ਹੈ।



# 7 ਸਮੇਂ ਸਮੇਂ ਦੀ ਗੱਲ

ਇਹ ਕਹਾਣੀ ਸਮੇਂ ਦੇ ਗੋਲਮਾਲ ਦੀ ਹੈ।



ਜਿਵੇਂ ਹੀ ਸੂਰਜ **ਛਿਪਿਆ** ________________ ਸੁਮਨਾ ਜਾਗੀ । ਕੀ ਸ਼ਾਨਦਾਰ ਸ਼ਾਮ ________________ ਹੈ! ਉਸਨੇ ਦੋ **ਘੰਟੇ** ____________ ਵਿਚ ਤੇਜ਼ੀ ਨਾਲ ਆਪਣਾ ਚਿਹਰਾ ਸਾਫ਼ ਕੀਤਾ ਅਤੇ ਬਾਹਰ ਨਿਕਲ ਗਈ। ਉਹ ਪਿਛਲੇ ਕੁੱਝ **ਮਹੀਨਿਆਂ** ____________ ਤੋਂ ਅੰਡਿਆਂ ਨੂੰ ਦੇਖ ਰਹੀ ਸੀ। ਉਹ ਚਿੜੀ ਦੇ ਬੱਚਿਆਂ ਦਾ ਬਾਹਰ ਆਉਣ ਦੀ ਉਡੀਕ ਕਰ ਰਹੀ ਸੀ। ਪਰ ਪਲਕ ਝਪਕਣ ਤੋਂ ਪਹਿਲਾਂ ਹੀ ਇਕ **ਹਫ਼ਤੇ** ________ ਵਿੱਚ ਇਕ ਬਿੱਲੀ ਨੇ ਦਰਖ਼ਤ ਉੱਤੇ ਛਾਲ ਮਾਰੀ। ਚਿੜੀ ਨੇ ਜ਼ੋਰ ਨਾਲ ਚੀਖ ਮਾਰੀ ਅਤੇ ਸੁਮਨਾ ਭੱਜੀ ਤਾਂ ਕਿ ਉਹ ਬਿੱਲੀ ਨੂੰ ਭਜਾ ਸਕੇ। ਜਿਵੇਂ ਹੀ ਬਿੱਲੀ ਨੇ ਛਾਲ ਮਾਰੀ ਉਹ ਇਕ ਵੱਡੇ ਅੰਬ ਨਾਲ ਟਕਰਾਈ।

ਦੋ **ਦਿਨ** ________________ ਵਿਚ ਉਹ ਜ਼ਮੀਨ ਉੱਤੇ ਆ ਡਿੱਗਿਆ। ਓ ਹੋ ਇਹ ਤਾਂ ਗਲਤ ਹੋ ਗਿਆ! ਅਜੇ ਤਾਂ ਇਹ ਪੂਰਾ ਪੱਕਿਆ ਵੀ ਨਹੀਂ ਸੀ। ਇਸ ਨੂੰ ਪੱਕ ਕੇ ਮਿੱਠਾ ਹੋਣ ਵਿਚ ਸਿਰਫ਼ ਇਕ **ਸਾਲ** ________________ ਹੋਰ ਲੱਗਦਾ। ਅਚਾਨਕ ਸੁਮਨਾ ਦੀ ਭੈਣ ਨੇ ਉਸ ਨੂੰ ਬੁਲਾਇਆ - ਕੀ ਤੈਨੂੰ ਅਜੇ ਤੱਕ ਭੁੱਖ ਨਹੀਂ ਲੱਗੀ? ਕੀ ਤੇਰੇ ਪੇਟ ਦੀ ਘੜੀ ਬੰਦ ਹੋ ਗਈ ਹੈ? ਆਓ ਰਾਤ ਦੇ **ਖਾਣੇ** ________________ ਵਿਚ ਗਰਮਾ-ਗਰਮ ਉਪਮਾ ਖਾਈਏ।

ਹੈ ਨਾ ਮਜ਼ੇਦਾਰ? ਤੁਸੀਂ ਸਮਝ ਲਿਆ ਹੋਵੇਗਾ ਕਿ ਕਹਾਣੀ ਵਿੱਚ ਰੰਗੀਨ ਸ਼ਬਦ ਗਲਤ ਸਨ। ਉਸਦੀ ਜਗ੍ਹਾਂ ਹੇਠਾਂ ਦਿੱਤੇ ਗਏ ਖਾਨਿਆਂ ਵਿੱਚ ਸਹੀ ਸਬਦ ਨੂੰ ਲੱਭੋ ਅਤੇ ਗਲਤ ਸਬਦਾਂ ਦੇ ਅੱਗੇ ਖਾਲੀ ਜਗ੍ਹਾ ਵਿੱਚ ਭਰੋ।।

| | | | |
|---|---|---|---|
| ਦਿਨਾਂ | ਚੜਿਆ | ਸੈਕਿੰਡ | ਸਵੇਰ |
| ਨਾਸ਼ਤੇ | ਪਲ | ਮਿੰਟ | ਹਫਤਾ |

## ਇਸ ਵਿੱਚ ਕਿੰਨਾ ਸਮਾਂ ਲੱਗੇਗਾ ?

ਕੀ ਤੁਸੀਂ ਕਿਸੇ ਨੂੰ ਸਵੈਟਰ ਬੁਣਦੇ ਹੋਏ ਦੇਖਿਆ ਹੈ? ਜਾਂ ਕਿਸੇ ਨੂੰ ਕੱਪੜਾ ਬੁਣਦੇ ਹੋਏ ? ਕਦੇ ਕਿਸੇ ਘੁਮਿਆਰ ਤੋਂ ਇਹ ਪਤਾ ਕਰਨ ਦੀ ਕੋਸ਼ਿਸ਼ ਕਰੋ ਕਿ ਇਕ ਭਾਂਡਾ ਬਣਾਉਣ ਵਿੱਚ ਕਿੰਨਾ ਸਮਾਂ ਲੱਗਦਾ ਹੈ। ਇਹ ਵੀ ਦੱਸੋ ਕਿ ਤਹਾਨੂੰ ਨਹਾਉਣ ਵਿੱਚ ਘੰਟੇ ਲੱਗਦੇ ਹਨ ਜਾਂ ਕੁਝ ਮਿੰਟ! (ਕੀ ਤੁਹਾਨੂੰ ਨਹਾਏ ਹੋਏ ਕਈ ਸਾਲ ਤਾਂ ਨਹੀਂ ਹੋ ਗਏ ? ਹੀ, ਹੀ...)



ਉਹਨਾਂ ਅਲੱਗ-ਅਲੱਗ ਕੰਮਾਂ ਬਾਰੇ ਸੋਚੋ ਜਿਸ ਵਿੱਚ ਅਲੱਗ-ਅਲੱਗ ਸਮਾਂ ਲੱਗਦਾ ਹੈ। ਸਾਰਣੀ ਨੂੰ ਜਿੰਨਾ ਲੰਬਾ ਬਣਾ ਸਕਦੇ ਹੋ ਬਣਾਓ।

| ਮਿੰਟਾਂ ਵਿਚ ਹੋਣ ਵਾਲਾ ਕੰਮ | ਘੰਟਿਆਂ ਵਿਚ ਹੋਣ ਵਾਲਾ ਕੰਮ | ਦਿਨਾਂ ਵਿਚ ਹੋਣ ਵਾਲਾ ਕੰਮ |
|---|---|---|
| ਨਹਾਉਣਾ | ਕਮੀਜ਼ ਦੀ ਸਿਲਾਈ | ਸਵੈਟਰ ਬੁਣਨਾ |
| ਦੁੱਧ ਉਬਾਲਣਾ | ਦਹੀਂ ਜਮਣਾ | ਸਾੜੀ ਬੁਣਨਾ |
| | ਇਕ ਦਿਨ ਦਾ ਸਕੂਲ | ਕੇਲੇ ਦਾ ਪੱਕਣਾ |
| | | |
| | | |
| | | |
| | | |
| | | |
| | | |
| | | |



ਇਸ ਤਰ੍ਹਾਂ ਦੇ ਹੋਰ ਕੰਮ ਸੋਚੋ, ਕੁੱਝ ਜਲਦੀ ਹੋਣ ਵਾਲੇ, ਕੁੱਝ ਹੌਲੀ-ਹੌਲੀ ਹੋਣ ਵਾਲੇ।

ਸੈਕਿੰਡਾਂ ਵਿੱਚ ਹੋਣ ਵਾਲੇ

ਮੇਰਾ ਪਲਕ ਝਪਕਣਾ     ਮੇਰਾ ਚੁਟਕੀ ਵਜਾਉਣਾ     ਮੇਰਾ ਦਵਾਈ ਨਿਗਲਣਾ



ਫ਼ਲ ਦਾ ਰੁੱਖ ਤੋਂ ਹੇਠਾਂ ਡਿੱਗਣਾ

| ਮਹੀਨਿਆਂ ਵਿੱਚ ਹੋਣ ਵਾਲੇ |
|---|
| ਕਣਕ ਦੀ ਫਸਲ ਦਾ ਵਧਣਾ (ਬੀਜ ਤੋਂ ਵੱਡੇ ਪੌਦੇ ਤੱਕ) |
| ਗਰਮੀ ਤੋਂ ਸਰਦੀ ਦਾ ਮੌਸਮ ਆਉਣਾ |
| ਵਿਸਾਖੀ ਤੋਂ ਬਾਅਦ ਦਿਵਾਲੀ ਦਾ ਆਉਣਾ |
| |





## ਕਿੰਨੀਆਂ ਤਾੜੀਆਂ : ਕੈਚ ਕਰਨ ਤੋਂ ਪਹਿਲਾਂ



### ਇਸ ਖੇਡ ਨੂੰ ਖੇਡੋ

ਹਵਾ ਵਿੱਚ ਪੱਥਰ ਸੁੱਟੋ।ਇਸ ਨੂੰ ਕੈਚ ਕਰਨ ਤੋਂ ਪਹਿਲਾ ਇੱਕ ਵਾਰ ਤਾੜੀ ਵਜਾਓ।

ਹੁਣ ਕੈਚ ਕਰਨ ਤੋਂ ਪਹਿਲਾਂ 2 ਵਾਰ ਤਾੜੀ ਵਜਾਓ। ਉਸਦੇ ਬਾਅਦ ਤਾੜੀ ਹੋਰ ਵਧਾਉਂਦੇ ਜਾਓ। ਪੱਥਰ ਨੂੰ ਫੜਨ ਤੋਂ ਪਹਿਲਾਂ ਤੁਸੀਂ ਕਿੰਨੀ ਵਾਰ ਤਾੜੀ ਵਜਾ ਸਕਦੇ ਹੋ?

### ਤਾ ਥਈ - ਅਲੱਗ ਤਰ੍ਹਾਂ ਨਾਲ ਵਜਾਓ

2 ਵਾਰ ਤਾੜੀ ਵਜਾਓ ਅਤੇ ਕਹੋ 1, 2

ਤਾੜੀ ਵਜਾਓ ਅਤੇ ਬੋਲੋ 1 2, 1 2, 1 2...

ਜਾਂ ਕਹੋ ਤਾ ਥਈ, ਤਾ ਥਈ, ਤਾ ਥਈ, ......

ਹੁਣ ਆਪਣਾ ਪੈਰ ਜ਼ਮੀਨ 'ਤੇ ਮਾਰੋ ਅਤੇ ਬੋਲੋ ਖੱਬਾ ਸੱਜਾ, ਖੱਬਾ ਸੱਜਾ, ਖੱਬਾ ਸੱਜਾ,...

ਹੁਣ ਤਿੰਨ ਤਾਲ ਵਿੱਚ ਤਾੜੀ ਵਜਾਓ 1 2 3, 1 2 3, 1 2 3, ...

ਬੋਲੋ: ਤਾ ਥਈ ਤਤ, ਤਾ ਥਈ ਤਤ, ਤਾ ਥਈ ਤਤ,...

ਕੀ ਤੁਸੀਂ ਆਪਣਾ ਪੈਰ ਇਸ ਤਰ੍ਹਾਂ ਨਾਲ ਮਾਰ ਸਕਦੇ ਹੋ ਖੱਬਾ ਸੱਜਾ ਖੱਬਾ, ਖੱਬਾ ਸੱਜਾ ਖੱਬਾ, ਖੱਬਾ ਸੱਜਾ ਖੱਬਾ,...

ਤੁਹਾਡੇ ਵਿੱਚੋਂ ਕਿੰਨੇ ਬੱਚੇ ਤਾੜੀ ਦੇ ਨਾਲ ਬੋਲਦੇ ਹੋਏ ਪੈਰ ਵੀ ਮਾਰ ਸਕਦੇ ਹਨ ?




### ਪਤਾ ਲਗਾਓ

ਕੀ ਤੁਸੀਂ ਲੋਕਾਂ ਨੂੰ ਤਬਲਾ ਜਾਂ ਢੋਲ ਵਜਾਉਂਦੇ ਹੋਏ ਸੁਣਿਆ ਹੈ? ਪਤਾ ਲਗਾਓ ਕਿ ਉਹ ਕਿਸ ਕਿਸ ਤਰ੍ਹਾਂ ਦੇ ਤਾਲ ਵਜਾਉਂਦੇ ਹਨ। ਇਹ ਵੀ ਪੁੱਛੋ ਕਿ ਇਹਨਾਂ ਤਾਲਾਂ ਵਿੱਚ ਉਹ ਕਿਹੜੇ ਬੋਲ ਕਹਿੰਦੇ ਹਨ।

## ਅਸੀਂ ਕਿੰਨੇ ਵੱਡੇ ਹਾਂ?

ਆਪਣੀ ਨਾਨੀ ਜੀ, ਆਪਣੀ ਮਾਤਾ ਜੀ ਅਤੇ ਆਪਣੀ ਉਮਰ ਦਾ ਪਤਾ ਲਗਾਓ ਅਤੇ ਖਾਲੀ ਥਾਵਾਂ ਭਰੋ-




ਝਾ ਰ
ਬੁ ਤ

ਇਰਫਾਨ ਦੇ ਮਾਤਾ ਜੀ ਉਸ ਤੋਂ ਦੁਗਣੀ ਉਮਰ ਦੇ ਹਨ।
ਉਹ ਉਸ ਤੋਂ 20 ਸਾਲ ਵੱਡੇ ਵੀ ਹਨ ।
ਇਰਫਾਨ ਅਤੇ ਉਸਦੀ ਮਾਤਾ ਜੀ ਦੀ ਉਮਰ ਦਾ ਅੰਦਾਜ਼ਾ ਲਗਾਓ।



## * ਜਨਮ ਪ੍ਰਮਾਣ-ਪੱਤਰ

ਸੁਖਦੀਪ ਕੌਰ ਦਾ ਜਨਮ ਪ੍ਰਮਾਣ-ਪੱਤਰ ਦੇਖੋ।

ਫਾਰਮ ਨੰ. 6

ਪੰਜਾਬ ਸਰਕਾਰ

**ਜਨਮ ਸਰਟੀਫਿਕੇਟ**

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਸੂਚਨਾ ਜਨਮ ਦੇ ਮੂਲ ਰਿਕਾਰਡ ਤੋਂ ਲਈ ਗਈ ਹੈ, ਜੋ ਕਿ ਸਾਲ 2002 ਦੇ ਲਾਂਡਰਾ ਪੰਚਾਇਤ ਦੇ ਰਜਿਸਟਰ ਵਿੱਚ ਦਰਜ਼ ਹੈ।

| | |
|---|---|
| ਨਾਂ : | ਸੁਖਦੀਪ ਕੌਰ |
| ਲਿੰਗ : | ਇਸਤਰੀ |
| ਜਨਮ ਮਿਤੀ : | 02/ 05/ 2002<br>(ਦੋ ਮਈ ਦੋ ਹਜ਼ਾਰ ਦੋ) |
| ਜਨਮ ਸਥਾਨ : | ਸਿਵਲ ਹਸਪਤਾਲ |
| ਪਿਤਾ ਦਾ ਨਾਂ : | ਕੇਵਲ ਸਿੰਘ |
| ਮਾਤਾ ਦਾ ਨਾਂ : | ਕਿਰਨ ਕੌਰ |
| ਰਜਿਸਟਰੇਸ਼ਨ ਦੀ ਮਿਤੀ: | 02/ 05/ 2002 |
| ਰਜਿਸਟਰੇਸ਼ਨ ਨੰਬਰ : | 815 / 02 |

ਮਿਤੀ ਜਾਰੀ ਕਰਤਾ ਦੇ ਹਸਤਾਖਰ



(1) 2/5/2002 ਤੋਂ ਪਤਾ ਲੱਗਦਾ ਹੈ ਕਿ ਸੁਖਦੀਪ ਕੌਰ ਦਾ ਜਨਮ 2 ________ ਨੂੰ ਸਾਲ 2002 ਵਿੱਚ ਹੋਇਆ।

(2) ਸੁਖਦੀਪ ਕੌਰ 2 ਮਈ 2008 ਨੂੰ ਕਿੰਨੇ ਸਾਲ ਦੀ ਹੋ ਜਾਵੇਗੀ ?________

(3) ਉਹ 2052 ਨੂੰ ਕਿੰਨੇ ਸਾਲ ਦੀ ਹੋ ਜਾਵੇਗੀ ?________

(4) ਉਹ ਕਿਸ ਮਿਤੀ ਨੂੰ ਅੱਠ ਸਾਲ ਦੀ ਹੋ ਜਾਵੇਗੀ ? ਸੰਖਿਆਵਾਂ ਵਿੱਚ ਲਿਖੋ। ________

5) ਸੁਖਦੀਪ ਕੌਰ 2 ਅਗਸਤ 2002 ਨੂੰ ਕਿੰਨੇ ਮਹੀਨਿਆਂ ਦੀ ਸੀ? ____________

6) ਹੁਣ ਸੁਖਦੀਪ ਕੌਰ ਕਿੰਨੇ ਸਾਲ ਦੀ ਹੈ? ____________

7) ਉਸਦੇ ਜਨਮ ਲੈਣ ਤੋਂ ਕਿੰਨੇ ਮਹੀਨੇ ਬਾਅਦ ਉਸਦਾ ਜਨਮ ਪ੍ਰਮਾਣ-ਪੱਤਰ ਜਾਰੀ ਹੋਇਆ? ____________

8) ਉਸਦੇ ਜਨਮ ਪ੍ਰਮਾਣ-ਪੱਤਰ ਦਾ ਰਜਿਸਟਰੇਸ਼ਨ ਨੰਬਰ ਕੀ ਹੈ? ________

**ਪਤਾ ਕਰੋ**

ਤੁਹਾਡਾ ਜਨਮ ਕਦੋਂ ਹੋਇਆ? ____________

ਆਪਣੀ ਜਨਮ ਮਿਤੀ ਨੂੰ ਸੰਖਿਆਵਾਂ ਵਿੱਚ ਲਿਖੋ ____________

ਕੀ ਤੁਹਾਡੇ ਕੋਲ ਵੀ ਜਨਮ ਪ੍ਰਮਾਣ-ਪੱਤਰ ਹੈ? ਆਪਣੇ ਵੱਡਿਆਂ ਤੋਂ ਪੁੱਛੋ ਅਤੇ ਆਪਣੇ ਲਈ ਇਕ ਪ੍ਰਮਾਣ-ਪੱਤਰ ਬਣਾਉ।

ਫਾਰਮ ਨੰ. ___

____________ ਸਰਕਾਰ

**ਜਨਮ ਦਾ ਸਰਟੀਫਿਕੇਟ**

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਸੂਚਨਾ ਜਨਮ ਦੇ ਮੂਲ ਰਿਕਾਰਡ ਤੋਂ ਲਈ ਗਈ ਹੈ, ਜੋ ਕਿ ____________ ਸਾਲ ਦੇ ________________________ ਦੇ ਰਜਿਸਟਰ ਵਿਚ ਦਰਜ ਹੈ।

ਨਾਂ :

ਲਿੰਗ :

ਜਨਮ ਮਿਤੀ :

ਜਨਮ ਸਥਾਨ :

ਪਿਤਾ ਦਾ ਨਾਂ :

ਮਾਤਾ ਦਾ ਨਾਂ :

ਰਜਿਸਟਰੇਸ਼ਨ ਦੀ ਮਿਤੀ:

ਰਜਿਸਟਰੇਸ਼ਨ ਨੰਬਰ :

ਮਿਤੀ ਜਾਰੀ ਕਰਤਾ ਦੇ ਹਸਤਾਖਰ

# ਕੈਲੰਡਰ 2006

## ਜਨਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## ਫਰਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | | | | |

## ਮਾਰਚ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## ਅਪਰੈਲ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

## ਮਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

## ਜੂਨ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

## ਜੁਲਾਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

## ਅਗਸਤ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## ਸਤੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

## ਅਕਤੂਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## ਨਵੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

## ਦਸੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## ਕੈਲੰਡਰ

ਚਲੋ 2006 ਦਾ ਕੈਲੰਡਰ ਵੇਖੀਏ।

* ਇੱਕ ਸਾਲ ਵਿੱਚ ਕਿੰਨੇ ਮਹੀਨੇ ਹੁੰਦੇ ਹਨ? ____________
* ਉਹਨਾਂ ਮਹੀਨਿਆਂ ਦੀ ਸੂਚੀ ਬਣਾਉ ਜਿਨ੍ਹਾਂ ਵਿੱਚ 30 ਦਿਨ ਹੁੰਦੇ ਹਨ। ____________
____________________________________________
* ਉਹਨਾਂ ਮਹੀਨਿਆਂ ਦੀ ਸੂਚੀ ਬਣਾਉ ਜਿਨ੍ਹਾਂ ਵਿੱਚ 31 ਦਿਨ ਹੁੰਦੇ ਹਨ। ____________
____________________________________________
* ਫਰਵਰੀ ਦੇ ਮਹੀਨੇ ਵਿੱਚ ਕਿੰਨੇ ਦਿਨ ਹੁੰਦੇ ਹਨ? ____________
* ਇੱਕ ਹਫ਼ਤੇ ਵਿੱਚ ਕਿੰਨੇ ਦਿਨ ਹੁੰਦੇ ਹਨ? ____________
* ਜੁਲਾਈ ਵਿੱਚ ਕਿੰਨੇ ਹਫ਼ਤੇ ਹਨ? ____________ ਕੀ ਇਹ ਸਾਰੇ ਮਹੀਨਿਆਂ ਦੇ ਲਈ ਸਹੀ ਹੈ? ____________
* ਕਿਹੜੇ ਮਹੀਨੇ ਵਿੱਚ ਤੁਸੀਂ ਜਮਾਤ ਤੀਸਰੀ ਵਿੱਚ ਆਏ ਸੀ?
* ਇਸ ਕੈਲੰਡਰ ਵਿੱਚ ਹੇਠਾਂ ਦਿੱਤੀਆਂ ਗਈਆਂ ਮਿਤੀਆਂ 'ਤੇ ਇੱਕ ਘੇਰਾ ਬਣਾਉ।

  26 ਜਨਵਰੀ

  14 ਨੰਵਬਰ

  31 ਦੰਸਬਰ



ਕੀ ਇਹਨਾਂ ਮਿਤੀਆਂ ਵਿੱਚ ਕੁਝ ਖਾਸ ਹੈ?

ਖਾਲੀ ਜਗ੍ਹਾ 'ਤੇ ਠੀਕ ਠੀਕ ਸਾਲ ਭਰੋ:

| | | | | | |
|---|---|---|---|---|---|
| 2016 | 2012 | 2015 | 2020 | 2017 | 2018 |

1. ਦੋ ਸਾਲ ਪਹਿਲਾਂ ਕਿਹੜਾ ਸਾਲ ਸੀ? ____________
2. ਕਿਹੜੇ ਸਾਲ ਵਿੱਚ ਤੁਸੀਂ ਜਮਾਤ ਦੂਸਰੀ ਵਿੱਚ ਸੀ? ____________
3. ਕਿਹੜਾ ਸਾਲ ਅਗਲਾ ਸਾਲ ਹੋਵੇਗਾ? ____________
4. ਕਿਹੜਾ ਸਾਲ ਤਿੰਨ ਸਾਲ ਬਾਅਦ ਆਏਗਾ? ____________

ਇਹ ਅਭਿਆਸ ਵਿਦਿਆਰਥੀਆਂ ਨੂੰ ਸਮਝਾਉਣ ਲਈ ਇਹ ਉਤਸ਼ਾਹਿਤ ਕਰਦਾ ਹੈ ਕਿ ਵੱਖ-ਵੱਖ ਸਮਾਜਿਕ ਸਥਿਤੀਆਂ ਵਿਚ ਉਹ ਆਪਣੀ ਜ਼ਿੰਦਗੀ ਵਿਚ ਸਮੇਂ ਨੂੰ ਬੀਤਣ ਨੂੰ ਕਿਵੇਂ ਵੇਖਦੇ ਹਨ। ਇਹ ਜ਼ਰੂਰੀ ਹੈ ਕਿ ਉਹਨਾਂ ਵਿਚ ਸਕਿੰਟ, ਮਿੰਟ, ਘੰਟੇ, ਮਹੀਨੇ ਆਦਿ ਦਾ ਅੰਦਾਜ਼ਾ ਲਗਾਉਣ ਦਾ ਹੁਨਰ ਵਿਕਸਿਤ ਹੋਵੇ ਤਾਂ ਕਿ ਉਹ ਸਮੇਂ ਮਾਪਣ ਦੀ ਮਸ਼ੀਨੀ ਪ੍ਰਕ੍ਰਿਆ ਵਿਚ ਪੈਣ। ਇਹ ਅਭਿਆਸ, ਬੱਚਿਆਂ ਨੂੰ ਕੁਝ ਮਨੋਰੰਜਨ ਭਰਪੂਰ ਕਿਰਿਆਵਾਂ ਦੇ ਮਾਧਿਅਮ ਨਾਲ ਘੜੀ ਅਤੇ ਕੈਲੰਡਰ ਦੀ ਵਰਤੋਂ ਕਰਨਾ ਵੀ ਦੱਸਦਾ ਹੈ। ਅਧਿਆਪਕ ਇਸ ਤਰ੍ਹਾਂ ਦੇ ਹੋਰ ਵੀ ਅਭਿਆਸ ਕਰਾ ਸਕਦੇ ਹਨ ਜੋ ਸੰਖਿਆ ਪੈਟਰਨ ਅਤੇ ਸਮਰੂਪਤਾ ਨਾਲ ਜੁੜੇ ਹੋਣ।

## ਕਿਹੜਾ ਤਿਉਹਾਰ ਪਹਿਲਾਂ ਆਉਂਦਾ ਹੈ?

ਪੂਰੇ ਸਾਲ ਵਿੱਚ ਮਨਾਏ ਜਾਣ ਵਾਲੇ ਕੁੱਝ ਤਿਉਹਾਰ ਹੇਠਾਂ ਦਿੱਤੇ ਗਏ ਹਨ।
ਇਹ ਪਤਾ ਲਗਾਉਣ ਦੇ ਲਈ 2006 ਵਿੱਚ ਇਹ ਤਿਉਹਾਰ ਕਿਸ ਦਿਨ ਆਉਣਗੇ। 2006 ਦਾ ਕੈਲੰਡਰ ਦੇਖੋ।

| ਤਿਉਹਾਰ ਦਾ ਨਾਂ | ਮਿਤੀ | ਦਿਨ |
|---|---|---|
| ਦੀਵਾਲੀ | 21 ਅਕਤੂਬਰ | |
| ਲੋਹੜੀ | 14 ਜਨਵਰੀ | |
| ਰੱਖੜੀ | 9 ਅਗਸਤ | |
| ਗਾਂਧੀ ਜੈਯੰਤੀ | 2 ਅਕਤੂਬਰ | |
| ਮਿਲਾਦ-ਉਲ-ਨਬੀ | 11 ਅਪਰੈਲ | |
| ਅਧਿਆਪਕ ਦਿਵਸ | 5 ਸੰਤਬਰ | |
| ਗੁਰੂ ਨਾਨਕ ਜੈਯੰਤੀ | 5 ਨੰਵਬਰ | |
| ਗੁਰੂ ਰਵਿਦਾਸ ਜੈਯੰਤੀ | 13 ਫਰਵਰੀ | |
| ਕ੍ਰਿਸਮਿਸ | 25 ਦੰਸਬਰ | |
| ਵਿਸਾਖੀ | 14 ਅਪਰੈਲ | |

- ਤਿਉਹਾਰਾਂ ਨੂੰ ਉਸ ਲੜੀ ਵਿੱਚ ਰੱਖੋ ਜਿਸ ਲੜੀ ਵਿੱਚ ਉਹ ਸਾਲ ਵਿੱਚ ਆਉਂਦੇ ਹਨ।

1. ____________ 6. ____________
2. ____________ 7. ____________
3. ____________ 8. ____________
4. ____________ 9. ____________
5. ____________ 10. ____________

- ਕਿਹੜਾ ਤਿਉਹਾਰ ਸਾਲ ਦੇ ਸ਼ੁਰੂ ਵਿੱਚ ਆਉਂਦਾ ਹੈ?

____________________

- ਕਿਹੜਾ ਤਿਉਹਾਰ ਸਾਲ ਦੇ ਅੰਤ ਵਿੱਚ ਆਉਂਦਾ ਹੈ?

____________________

## ਕੈਲੰਡਰ ਦਾ ਜਾਦੂ

ਇਹ ਹੈ ਫਰਵਰੀ 2007 ਦਾ ਕੈਲੰਡਰ।

ਚਲੋ ਕੈਲੰਡਰ ਵਿੱਚ ਵਰਗ ਬਣਾਉਂਦੇ ਹਾਂ ਅਤੇ ਕੁੱਝ ਜਾਦੂ ਦੇਖਦੇ ਹਾਂ।

**ਫਰਵਰੀ 2007**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | | | |



ਕਿਹੜੀ ਸੰਖਿਆ ਇਸ ਵਰਗ ਦੇ ਬਿਲਕੁੱਲ ਵਿਚਕਾਰ ਹੈ?

______________

ਤਿੰਨ ਸੰਖਿਆਵਾਂ ਨੂੰ ਇੱਕ ਰੇਖਾ ਬਣਾ ਕੇ ਮਿਲਾਉ। ਇਹ ਰੇਖਾ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਇਹ ਵਿੱਚ ਵਾਲੀ ਸੰਖਿਆ ਵਿੱਚੋਂ ਹੁੰਦੇ ਹੋਏ ਜਾਵੇ।

| | | |
|---|---|---|
| 5 | 6 | 7 |
| 12 | 13 | 14 |
| 19 | 20 | 21 |

ਇਸ ਤਰ੍ਹਾਂ ਦੀਆਂ ਕਿੰਨੀਆਂ ਰੇਖਾਵਾਂ ਖਿੱਚ ਸਕਦੇ ਹੋ?

ਇਹਨਾਂ ਸਾਰੀਆਂ ਰੇਖਾਵਾਂ 'ਤੇ ਆਉਣ ਵਾਲੀਆਂ ਤਿੰਨ -ਤਿੰਨ ਸੰਖਿਆਵਾਂ ਨੂੰ ਜੋੜੋ। ਤੁਸੀਂ ਕੀ ਵੇਖਿਆ?



5 + 13 + 21 =

6 + 13 + 20 =

19 + 13 + 7 =

12 + 13 + 14 =

* ਹੁਣ 2006 ਦੇ ਕੈਲੰਡਰ ਨੂੰ ਦੇਖੋ। ਹੁਣ ਜਿਹੜਾ ਮਹੀਨਾ ਚਲ ਰਿਹਾ ਹੈ ਉਸ ਨੂੰ ਵੀ ਕੈਲੰਡਰ ਵਿੱਚ ਵੇਖੋ ਅਤੇ ਇਸ ਤਰ੍ਹਾਂ ਦਾ ਵਰਗ ਆਪਣੀ ਕਾਪੀ ਵਿੱਚ ਬਣਾਉ। ਕੀ ਇਹ ਜਾਦੂ ਫਿਰ ਵੀ ਕੰਮ ਕਰਦਾ ਹੈ?
* ਕੀ ਇਹ ਜਾਦੂ 10 × 10 ਸੰਖਿਆਵਾਂ ਵਾਲੇ ਇਕ ਚਾਰਟ ਉੱਤੇ ਵੀ ਕੰਮ ਕਰੇਗਾ? ਇੱਕ ਵਾਰ ਫਿਰ ਤੋਂ 'ਸੰਖਿਆਵਾਂ ਦੀ ਖੇਡ' ਵਾਲੇ ਅਧਿਆਇ ਨੂੰ ਦੇਖੋ ਅਤੇ ਇਸਦੀ ਜਾਂਚ ਕਰੋ।

## ਕੁੱਝ ਹੋਰ ਜਾਦੂ।

**ਮਾਰਚ 2007**

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |
















ਦੇਖੋ ਕੀ ਇਹ ਜਾਦੂ ਉਹਨਾਂ ਦੂਸਰੀ ਰੇਖਾਵਾਂ ਦੇ ਲਈ ਵੀ ਕੰਮ ਕਰਦਾ ਹੈ ਜਿਨ੍ਹਾ ਵਿਚ ਪੰਜ ਸੰਖਿਆਵਾਂ ਹਨ। ਜੇ 5 ਸੰਖਿਆਵਾਂ ਵਿੱਚੋਂ ਲੰਘਦੀ ਇੱਕ ਤਿਰਛੀ ਰੇਖਾ ਖਿੱਚੀਏ ਅਤੇ ਉਹਨਾਂ ਸੰਖਿਆਵਾਂ ਦਾ ਜੋੜ ਕਰੀਏ ਤਾਂ ਕੀ ਹੋਵੇਗਾ? ਇਹ ਜਾਦੂ ਦਿਖਾ ਕੇ ਆਪਣੇ ਪਰਿਵਾਰ ਦੇ ਲੋਕਾਂ ਅਤੇ ਦੋਸਤਾਂ ਨੂੰ ਹੈਰਾਨ ਕਰ ਦਿਓ।

ਕੀ ਤੁਹਾਨੂੰ ਇਸ ਕੈਲੰਡਰ ਵਿੱਚ ਜਾਦੂ ਦੇ ਕੁੱਝ ਹੋਰ ਪੈਟਰਨ ਦਿਖਾਈ ਦੇ ਰਹੇ ਹਨ?

## ਅਗਸਤ 2006 ਦੇ ਲਈ ਕੈਲੰਡਰ ਨੂੰ ਪੂਰਾ ਕਰੋ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
|---|---|---|---|---|---|---|
| | | | | | | |
| | | | | | | |
| | | | | | | |
| | | | | | | |
| | | | | | | |

ਐਤਵਾਰ ਦੇ ਸਾਰੇ ਦਿਨ ਲਾਲ ਰੰਗ ਨਾਲ ਰੰਗੋ।

ਇਹ ਮਹੀਨਾ ਕਿਸ ਦਿਨ ਖ਼ਤਮ ਹੁੰਦਾ ਹੈ? ____________

ਇਸ ਮਹੀਨੇ ਵਿੱਚ ਦਿਨਾਂ ਦੀ ਸੰਖਿਆ ਲਿਖੋ। ____________

13 ਅਗਸਤ ਨੂੰ ਕਿਹੜਾ ਦਿਨ ਹੈ? ____________

ਮਹੀਨੇ ਦੇ ਦੂਸਰੇ ਸ਼ਨੀਵਾਰ ਨੂੰ ਕਿਹੜੀ ਤਾਰੀਖ਼ ਹੈ? ____________

ਕੀ 21 ਤਾਰੀਖ਼ ਨੂੰ ਐਤਵਾਰ ਹੈ? ____________

29 ਤਾਰੀਖ਼ ਨੂੰ ਕਿਹੜਾ ਦਿਨ ਹੈ? ਇਸੇ ਦਿਨ ਅਗਲੇ ਹਫ਼ਤੇ ਕਿਹੜੀ ਤਾਰੀਖ਼ ਹੋਵੇਗੀ? ____________

ਇਸ ਮਹੀਨੇ ਵਿੱਚ ਕਿੰਨੇ ਵੀਰਵਾਰ ਹਨ? ____________

### ਪਤਾ ਲਗਾਉ।

(2006 ਦੇ) ਕੈਲੰਡਰ ਵਿੱਚ ਕਿਸ ਮਹੀਨੇ ਵਿੱਚ 5 ਐਤਵਾਰ ਹਨ?

ਕੀ ਇਸ ਤਰ੍ਹਾਂ ਦਾ ਕੋਈ ਹੋਰ ਵੀ ਦਿਨ ਹੈ ਜੋ ਕਿਸੇ ਹੋਰ ਮਹੀਨੇ ਵਿੱਚ 5 ਵਾਰ ਆਇਆ ਹੈ?

ਕੀ ਇੱਕ ਮਹੀਨੇ ਵਿੱਚ 6 ਐਤਵਾਰ ਹੋ ਸਕਦੇ ਹਨ? ਕਿਉਂ?

ਹੁਣ ਚਲ ਰਹੇ ਮਹੀਨੇ ਦੇ ਲਈ ਅਤੇ ਦੂਸਰੇ ਮਹੀਨਿਆਂ ਦੇ ਲਈ ਇਸ ਤਰ੍ਹਾਂ ਦੇ ਕੁੱਝ ਹੋਰ ਪ੍ਰਸ਼ਨ ਪੁੱਛੋ। ਵਿਦਿਆਰਥੀਆਂ ਨੂੰ ਕੈਲੰਡਰ ਦੇ ਦੁਆਰਾ ਕੁੱਝ ਹੋਰ ਨਮੂਨੇ ਲੱਭਣ ਲਈ ਪ੍ਰੇਰਿਤ ਕਰੋ।

# ਪੇਤਕੀ ਦੇਵੀ ਦੀ ਸੱਚੀ ਕਹਾਣੀ



## ਮੇਰੀ ਸਮਾਂ-ਰੇਖਾ

ਮੇਰਾ ਨਾਮ ਪੇਤਕੀ ਦੇਵੀ ਹੈ। ਮੈਂ ਧਨਬਾਦ ਜਿਲ੍ਹੇ (ਝਾਰਖੰਡ) ਦੇ ਇੱਕ ਪਿੰਡ ਵਿਚ ਰਹਿੰਦੀ ਹਾਂ।ਮੈਨੂੰ ਕਦੇ ਵੀ ਸਕੂਲ ਜਾਣ ਦਾ ਮੌਕਾ ਨਹੀਂ ਮਿਲਿਆ ।ਮੈਨੂੰ ਯਾਦ ਹੈ ਜਦੋ ਮੈਂ ਪੰਜ ਸਾਲ ਦੀ ਸੀ ਮੇਰਾ ਪੈਰ ਟੁੱਟ ਗਿਆ।ਮੈਂ ਦਰੱਖ਼ਤ 'ਤੇ ਜਾਮਣ ਖਾਣ ਲਈ ਚੜ੍ਹੀ । ਪਰ ਟਹਿਣੀ ਟੁੱਟ ਗਈ ਅਤੇ ਮੈਂ ਡਿਗ ਗਈ। ਹੁਣ ਵੀ ਸਰਦੀਆ ਵਿਚ ਮੇਰੇ ਪੈਰ ਵਿੱਚ ਤਕਲੀਫ਼ ਹੁੰਦੀ ਹੈ।

ਜਦੋਂ ਬੱਕਰੀਆਂ ਚਰਾਉਣ ਜਾਂਦੇ ਸੀ ਅਸੀਂ ਅਕਸਰ ਖੇਡਣ ਲੱਗ ਜਾਂਦੇ ਸੀ।ਇੱਕ ਵਾਰ ਜਦੋਂ ਮੈਂ ਦਸ ਸਾਲ ਦੀ ਸੀ ਤਾਂ ਮੈਨੂੰ ਬਹੁਤ ਜ਼ਿਆਦਾ ਝਿੜਕਾਂ ਸੁਣਨੀਆਂ ਪਈਆਂ - ਮੇਰੇ ਕੋਲੋਂ ਇੱਕ ਬੱਕਰੀ ਗਵਾਚ ਗਈ ਸੀ। 15 ਸਾਲ ਵਿੱਚ ਮੇਰਾ ਵਿਆਹ ਹੋ ਗਿਆ।ਮੇਰਾ ਪਤੀ ਮੇਰੇ ਤੋਂ ਕਾਫ਼ੀ ਵੱਡਾ ਸੀ। ਮੇਰੇ ਵਿਆਹ ਤੋਂ ਤਿੰਨ ਸਾਲ ਬਾਅਦ ਮੇਰੀ ਪਹਿਲੀ ਕੁੜੀ ਨੇ ਜਨਮ ਲਿਆ। ਬਾਅਦ ਵਿੱਚ ਮੇਰੇ ਤਿੰਨ ਹੋਰ ਬੱਚੇ ਹੋਏ ਜਦੋਂ ਮੈਂ 20, 22 ਅਤੇ 24 ਸਾਲ ਦੀ ਸੀ।

ਉਸਦੇ ਬਾਅਦ ਸਮਾਂ ਜਲਦੀ ਨਾਲ ਬੀਤਦਾ ਗਿਆ। ਮੈਂ ਆਪਣੇ ਖੇਤ, ਘਰ ਦੇ ਕੰਮ ਅਤੇ ਬੱਚਿਆਂ ਦੀ ਦੇਖਭਾਲ ਵਿੱਚ ਲੱਗੀ ਰਹਿੰਦੀ ਸੀ। ਪਰ 35 ਸਾਲ ਦੀ ਉਮਰ ਵਿੱਚ ਮੇਰੀ ਦੁਨੀਆਂ ਰੁੱਕ ਜਿਹੀ ਗਈ।ਮੇਰਾ ਪਤੀ ਬੀਮਾਰ ਹੋ ਗਿਆ ਅਤੇ ਮਰ ਗਿਆ। ਉਸਦੇ ਭਰਾਵਾਂ ਨੇ ਸਾਡੇ ਖੇਤ ਖੋਹਣ ਦੀ ਕਾਫ਼ੀ ਕੋਸ਼ਿਸ ਕੀਤੀ।ਉਹਨਾਂ ਨੇ ਮੈਨੂੰ ਬੁਰੀ ਤਰ੍ਹਾਂ ਮਾਰਿਆ ਅਤੇ ਕਿਹਾ ਕਿ ਮੈਂ ਡੈਣ ਹਾਂ। ਕੁੱਝ ਭਲੇ ਲੋਕਾਂ ਨੇ ਮੈਨੂੰ ਬਚਾਇਆ।ਜਿਨ੍ਹਾਂ ਲੋਕਾਂ ਨੇ ਮੈਨੂੰ ਮਾਰਿਆ ਸੀ ਮੈਂ ਉਹਨ੍ਹਾਂ ਦੇ ਖਿਲਾਫ਼ ਇੱਕ ਕੇਸ ਲੜਿਆ। 40 ਸਾਲ ਦੀ ਉਮਰ ਵਿੱਚ ਮੈਂ ਪਹਿਲੀ ਵਾਰ ਪੁਲਿਸ ਸਟੇਸ਼ਨ ਦੇਖਿਆ। ਜਦੋਂ ਮੈ 45 ਸਾਲ ਦੀ ਹੋਈ ਉਦੋਂ ਮੈਂ ਪੜ੍ਹਨਾ ਲਿਖਣਾ ਸਿੱਖਿਆ। ਦੋ ਸਾਲ ਬਾਅਦ ਮੈਂ ਆਪਣੀ ਸਭ ਤੋਂ ਵੱਡੀ ਬੇਟੀ ਦਾ ਵਿਆਹ ਕੀਤਾ।ਹੁਣ ਮੈਂ 50 ਸਾਲ ਦੀ ਹਾਂ।ਮੈਂ ਆਪਣੇ ਦੋਹਤੀ ਨਾਲ ਖੇਡਣਾ ਪੰਸਦ ਕਰਦੀ ਹਾਂ।ਮੇਰੇ ਦੋਂ ਬੱਚੇ ਸਕੂਲ ਵਿੱਚ ਪੜ੍ਹ ਰਹੇ ਹਨ।

ਕੁੱਝ ਘਟਨਾਵਾਂ ਜੋ ਪੇੜਕੀ ਦੇਵੀ ਦੀ ਜ਼ਿੰਦਗੀ ਵਿੱਚ ਹੋਈਆਂ ਉਹ ਹੇਠਾਂ ਦਿੱਤੀਆਂ ਗਈਆਂ ਹਨ। ਇਸਨੂੰ ਉਸਦੀ ਸਮਾਂ ਰੇਖਾ 'ਤੇ ਬਣਾਉ। ਉਦਾਹਰਣ ਦੇ ਲਈ, ਜਦੋ ਉਹ 5 ਸਾਲ ਦੀ ਸੀ ਤਾਂ ਪੇੜਕੀ ਦਾ ਆਪਣਾ ਪੈਰ ਟੁੱਟ ਗਿਆ ਤਾਂ ਅਸੀਂ ਸਮਾਂ-ਰੇਖਾ 'ਤੇ 5 ਤੇ 'ੳ' ਦਾ ਨਿਸ਼ਾਨ ਲਗਾਇਆ।

(ੳ) ਪੈਰ ਟੁੱਟ ਗਿਆ

(ਅ) ਇੱਕ ਬੱਕਰੀ ਗਵਾ ਦਿੱਤੀ


(ੲ) ਵਿਆਹ ਹੋਇਆ

(ਸ) ਚੌਥੇ ਬੱਚੇ ਦਾ ਜਨਮ ਹੋਇਆ।

(ਹ) ਪਹਿਲੀ ਵਾਰ ਪੁਲਿਸ ਸਟੇਸ਼ਨ ਦੇਖਿਆ

(ਕ) ਪੜ੍ਹਨਾ ਲਿਖਣਾ ਸਿੱਖਿਆ

(ਖ) ਸਭ ਤੋਂ ਵੱਡੀ ਕੁੜੀ ਦਾ ਵਿਆਹ ਹੋਇਆ






* ਸਮਾਂ-ਰੇਖਾ 'ਤੇ ਬਣਾਉ ਕਿ ਉਸਦਾ ਜਨਮ ਕਦੋਂ ਹੋਇਆ।
* ਜਨਮ ਹੋਣ ਤੋਂ ਤੁਰੰਤ ਬਾਅਦ ਪੇੜਕੀ ਕਿਸ ਤਰ੍ਹਾਂ ਦੀ ਲੱਗਦੀ ਹੋਵੇਗੀ ।ਉਸ ਦਾ ਚਿੱਤਰ ਖਾਲੀ ਖਾਨੇ ਵਿੱਚ ਬਣਾਉ।
* ਆਪਣੀ ਸਮਾਂ-ਰੇਖਾ ਬਣਾਉ । ਆਪਣੇ ਆਲੇ- ਦੁਆਲੇ ਦੇ ਲੋਕਾਂ ਨੂੰ ਪੁਛੋਂ ਅਤੇ ਆਪਣੀ ਜ਼ਿੰਦਗੀ ਵਿਚ ਹੋਈ ਹਰ ਸਾਲ ਵਿੱਚ ਘੱਟ ਤੋਂ ਘੱਟ ਇੱਕ ਘਟਨਾ ਨੂੰ ਲਿਖੋ।




* ਜਿਹੜੇ ਲੋਕਾਂ ਨੂੰ ਤੁਸੀਂ ਪਸੰਦ ਕਰਦੇ ਹੋ, ਉਹਨਾਂ ਦੀ ਸਮਾਂ-ਰੇਖਾ ਬਣਾਉ।ਇਹ ਲੋਕ ਤੁਹਾਡੇ ਪਰਿਵਾਰ ਦੇ ਲੋਕ, ਦੋਸਤ, ਜਾਂ ਅਧਿਆਪਕ ਹੋ ਸਕਦੇ ਹਨ।


## ਕੁਸਮ ਦੀ ਜ਼ਿੰਦਗੀ ਦਾ ਇੱਕ ਦਿਨ

ਚਲੋ ਦੇਖਦੇ ਹਾਂ ਕਿ ਕੁਸਮ ਹਰ ਰੋਜ਼ ਕੀ ਕਰਦੀ ਹੈ।

ਹਰ ਚਿੱਤਰ ਦੇ ਲਈ ਸਮੇਂ ਨੂੰ ਲਿਖੋ।

ਕੁੱਝ ਚਿੱਤਰਾਂ ਦੇ ਲਈ ਸਮਾਂ ਲਿਖਿਆ ਹੋਇਆ ਹੈ ਅਤੇ ਉਸ ਵਿੱਚ ਤੁਹਾਨੂੰ ਘੜੀ ਦੀਆਂ ਸੂਈਆਂ ਨੂੰ ਬਣਾਉਣਾ ਹੈ ਜਦਕਿ ਦੂਸਰੇ ਚਿੱਤਰਾਂ ਦੇ ਲਈ ਘੜੀ ਜੋ ਸਮਾਂ ਦੱਸਦੀ ਹੈ ਉਸ ਸਮੇਂ ਨੂੰ ਲਿਖਣਾ ਹੈ ।





ਕੁਸਮ ਸਵੇਰੇ-ਸਵੇਰੇ ਉੱਠ ਜਾਂਦੀ ਹੈ।





ਸਵੇਰੇ ਸਾਢੇ ਛੇ ਵਜੇ


ਉਹ ਖੂਹ ਤੋਂ ਪਾਣੀ ਲਿਆਉਂਦੀ ਹੈ ।





ਉਹ ਘਰ ਸਾਫ ਕਰਦੀ ਹੈ।





ਅੱਠ ਵਜੇ

ਉਹ ਸਕੂਲ ਜਾਂਦੀ ਹੈ।




ਸਕੂਲ ਵਿੱਚ ਪੜ੍ਹਦੀ ਹੈ।





ਉਹ ਸਕੂਲ ਤੋਂ ਵਾਪਸ ਆਉਂਦੀ ਹੈ।



ਇਕ ਵਜੇ ਦੁਪਹਿਰ ਨੂੰ




ਉਹ ਆਪਣੇ ਭਰਾ ਅਤੇ ਦਾਦੀ ਦੇ ਨਾਲ ਦੁਪਹਿਰ ਦਾ ਖਾਣਾ ਖਾਂਦੀ ਹੈ।






ਉਹ ਆਪਣੇ ਦੋਸਤਾਂ ਦੇ ਨਾਲ ਖੇਡਦੀ ਹੈ।



ਸ਼ਾਮ ਸਾਢੇ ਪੰਜ ਵਜੇ



ਉਹ ਸੌਣ ਤੋਂ ਪਹਿਲਾਂ ਆਪਣੀ ਦਾਦੀ ਤੋਂ ਇਕ ਕਹਾਣੀ ਸੁਣਦੀ ਹੈ।



9 ਵਜੇ ਰਾਤ ਨੂੰ

ਹੁਣ ਇੱਕ ਚਾਰਟ ਬਣਾਉ ਜਿਸ ਵਿੱਚ ਤੁਸੀਂ ਲਿਖੋ ਕਿ ਤੁਸੀਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੀ-ਕੀ ਕਰਦੇ ਹੋ।

| ਦਿਨ ਦਾ ਸਮਾਂ | | |
|---|---|---|
| ਸਬਦਾਂ ਵਿੱਚ | ਘੜੀ ਵਿੱਚ ਦਿਖਾਓ | ਇਸ ਸਮੇਂ ਤੁਸੀਂ ਕੀ ਕਰਦੇ ਹੋ? |
| |  | |
| |  | |
| |  | |
| |  | |
| |  | |
| |  | |
| |  | |

# 8 ਕੌਣ ਕਿਸ ਤੋਂ ਭਾਰਾ?

### ਗੁੜ ਅਤੇ ਮੂੰਗਫਲੀ

ਸ਼ਬਨਮ ਨੂੰ ਗੁੜ ਅਤੇ ਮੂੰਗਫਲੀ ਖਾਣਾ ਚੰਗਾ ਲਗਦਾ ਹੈ।

ਇੱਕ ਦਿਨ ਉਸਨੇ 1 ਕਿਲੋ ਗੁੜ ਅਤੇ 1 ਕਿਲੋ ਮੂੰਗਫਲੀ ਖਰੀਦੀ।

(ਤੁਸੀਂ ਜਾਣਦੇ ਹੋ ਕਿ ਕਿਲੋਗ੍ਰਾਮ ਨੂੰ ਕਿਲੋ ਵੀ ਲਿਖਦੇ ਹਨ।)




ਕੀ ਮੂੰਗਫਲੀ ਸੱਚਮੁਚ ਭਾਰ ਵਿੱਚ ਗੁੜ ਨਾਲੋਂ ਜ਼ਿਆਦਾ ਹੈ ਜਾਂ ਸਿਰਫ਼ ਜ਼ਿਆਦਾ ਦਿਖ ਰਹੀ ਹੈ?




(1) 1 ਕਿਲੋ ਮੱਕੀ ਦੇ ਫੁੱਲੇ (ਪੋਪ-ਕੋਰਨ) ਜਾਂ 1 ਕਿਲੋ ਖੰਡ

(2) 1 ਕਿਲੋ ਮਟਰ ਜਾਂ 1 ਕਿਲੋ ਆਲੂ?


ਬਜ਼ਾਰ ਜਾਉ ਅਤੇ ਦੇਖੋ ਕਿ ਤੁਹਾਡਾ ਅੰਦਾਜ਼ਾ ਕਿੰਨਾ ਸਹੀ ਸੀ।

## ਕੱਦੂ ਅਤੇ ਟਮਾਟਰ ਦਾ ਪੰਗਾ

ਇਹ ਖੇਡ ਦਾ ਇਕ ਮੈਦਾਨ ਹੈ ਜਿੱਥੇ ਟਮਾਟਰ ਰੋਜ਼ ਖੇਡਣ ਆਉਂਦੇ ਹਨ। ਉਹ ਸੀ-ਸਾ ਝੂਲੇ 'ਤੇ ਖੇਡਣਾ ਪਸੰਦ ਕਰਦੇ ਹਨ। ਇੱਕ ਦਿਨ ਜਦੋਂ ਉਹ ਖੇਡ ਰਹੇ ਸੀ ਇੱਕ ਵੱਡਾ ਸਾਰਾ ਕੱਦੂ ਆਇਆ ਅਤੇ ਝੂਲੇ ਦੇ ਇੱਕ ਕਿਨਾਰੇ 'ਤੇ ਬੈਠ ਗਿਆ।ਜਦੋਂ ਉਹ ਬਹੁਤ ਦੇਰ ਤੱਕ ਨਹੀਂ ਉਠਿਆ ਤਾਂ ਉਸ ਸਮੇਂ ਟਮਾਟਰਾਂ ਨੇ ਇਹ ਫੈਸਲਾ ਕੀਤਾ ਕਿ ਉਹ ਦੂਸਰੇ ਸਿਰੇ ਤੇ ਚੜ੍ਹ ਕੇ ਕੱਦੂ ਨੂੰ ਉੱਪਰ ਚੁੱਕਣਗੇ ਤਾਂ ਕਿ ਉਹ ਹੇਠਾਂ ਡਿੱਗ ਜਾਵੇ।

ਛੋਟੇ ਟਮਾਟਰਾਂ ਨੇ ਝੂਲੇ ਦੇ ਦੂਸਰੇ ਪਾਸੇ  ਚੜ੍ਹਨਾ ਸ਼ੁਰੂ ਕੀਤਾ...... 1, 2, 3, 4, 5...

25 ?? ਉਫ! ਕੱਦੂ ਹੁਣ ਵੀ ਦੂਸਰੇ ਪਾਸੇ ਬੈਠਾ  ਹੱਸ ਰਿਹਾ ਸੀ। ਹੁਣ ਵੱਡੇ ਟਮਾਟਰਾਂ ਨੇ ਮਦਦ ਕਰਨ ਬਾਰੇ ਸੋਚਿਆ। ਛੋਟੇ ਵਾਲੇ ਹੇਠਾਂ ਉੱਤਰ ਗਏ ਅਤੇ ਵੱਡੇ ਟਮਾਟਰਾਂ ਦੇ ਲਈ ਰਸਤਾ ਬਣਾਇਆ। 1, 2, 3,... 20 ...



ਬੱਲੇ-ਬੱਲੇ। ਕੱਦੂ ਹਵਾ ਵਿੱਚ ਚੁੱਕਿਆ ਗਿਆ। ਉਹ ਚੀਕਿਆ ਮੈਨੂੰ ਹੇਠਾਂ ਉਤਾਰੋ, ਮੈਨੂੰ ਹੇਠਾਂ ਉਤਾਰੋ।



ਬੋਲਚਾਲ ਦੀ ਭਾਸ਼ਾ ਵਿਚ ਪੰਗਾ ਸ਼ਬਦ ਕਿਸੇ ਲੜਾਈ ਜਾਂ ਮੁਸੀਬਤ ਦੇ ਲਈ ਵਰਤਿਆ ਜਾਂਦਾ ਹੈ।ਇਸ ਸ਼ਬਦ ਨੂੰ ਜਾਣ ਬੁੱਝ ਕੇ ਇਸ ਲਈ ਰੱਖਿਆ ਗਿਆ ਹੈ ਕਿਉਂਕਿ ਇਸ ਤਰ੍ਹਾਂ ਦੇ ਸ਼ਬਦ ਬੋਲਣ ਵਿਚ ਬੱਚਿਆਂ ਨੂੰ ਮਜ਼ਾ ਆਉਂਦਾ ਹੈ।




* ਤੁਹਾਡੇ ਹਿਸਾਬ ਨਾਲ ਕਿੰਨੇ ਛੋਟੇ ਟਮਾਟਰ ਮਿਲਕੇ ਕੱਦੂ ਨੂੰ ਉੱਪਰ ਚੁੱਕ ਸਕਣਗੇ?
  - ਦਸ
  - ਵੀਹ
  - ਚਾਲੀ



* ਕਿੰਨੇ ਵੱਡੇ ਅੰਬ ਮਿਲਕੇ ਕੱਦੂ ਦੀ ਬਰਾਬਰੀ ਕਰ ਸਕਦੇ ਹਨ?






* ਕਿੰਨੇ ਕੱਦੂ ਮਿਲ ਕੇ ਸੀ-ਸਾ ਝੂਲੇ 'ਤੇ ਤੁਹਾਡੀ ਬਰਾਬਰੀ ਕਰ ਸਕਦੇ ਹਨ?



* ਆਪਣੀ ਜਮਾਤ ਵਿੱਚ ਪੜ੍ਹਨ ਵਾਲੇ ਕੁੱਝ ਮਿੱਤਰਾਂ ਦੇ ਨਾਮ ਦੱਸੋ ਜਿਸਦਾ ਭਾਰ ਤੁਹਾਡੇ ਅੰਦਾਜ਼ੇ ਨਾਲ

  (ੳ) ਲਗਭਗ ਤੁਹਾਡੇ ਬਰਾਬਰ ਹੈ

  ______________________________

  (ਅ) ਤੁਹਾਡੇ ਤੋਂ ਜ਼ਿਆਦਾ ਹੈ

  ______________________________


  (ੲ) ਤੁਹਾਡੇ ਤੋਂ ਘੱਟ ਹੈ

  ______________________________

* ਆਪਣੇ ਹੱਥ ਨੂੰ ਸਿੱਧਾ ਰੱਖਦੇ ਹੋਏ ਇੱਕ ਹੱਥ ਨਾਲ ਤੁਸੀਂ ਕਿੰਨੀਆਂ ਕਿਤਾਬਾਂ ਚੁੱਕ ਸਕਦੇ ਹੋ?

## ਉਸਦੇ ਭਾਰ ਤੋਂ ਦੁਗਣਾ

ਕੁਜੰਮਾ ਦੇ ਮਾਤਾ ਪਿਤਾ ਅਜ਼ਾਦੀ ਦਿਹਾੜੇ ਨੂੰ ਇੱਕ ਵੱਖਰੇ ਤਰੀਕੇ ਨਾਲ ਮਨਾਉਂਦੇ ਹਨ। ਕਿਉਂਕਿ ਕੁਜੰਮਾ ਦਾ ਜਨਮ ਇਸ ਦਿਨ ਹੀ ਹੋਇਆ ਸੀ। ਉਹ ਕੁਜੰਮਾ ਦੇ ਭਾਰ ਤੋਂ ਦੁਗਣੀ ਮਿਠਾਈ ਖਰੀਦਦੇ ਹਨ ਅਤੇ ਉਸ ਨੂੰ ਗਰੀਬ ਲੋਕਾਂ ਵਿਚ ਵੰਡ ਦਿੰਦੇ ਹਨ। ਜਦੋਂ ਕੁਜੰਮਾ ਦਾ ਜਨਮ ਹੋਇਆ ਤਾਂ ਉਹ 3 ਕਿਲੋ ਦੀ ਸੀ। ਅੱਜ ਅਜ਼ਾਦੀ ਦਿਹਾੜਾ ਹੈ ਅਤੇ ਕੁਜੰਮਾ 5 ਸਾਲ ਦੀ ਹੈ।



ਉਹ ਹੁਣ 28 ਕਿਲੋ ਦੀ ਹੋ ਗਈ ਹੈ।

* ਹੁਣ ਅੰਦਾਜ਼ਾ ਲਗਾ ਕੇ ਇਹ ਪਤਾ ਲਗਾਉ ਕਿ ਕਿਸ ਸਾਲ ਵਿਚ ਕੁਜੰਮਾ ਦਾ ਭਾਰ ਕਿੰਨਾ ਸੀ ਅਤੇ ਉਸ ਸਮੇਂ ਕਿੰਨੀ ਮਿਠਾਈ ਵੰਡੀ ਗਈ।

| *ਕੁਜੰਮਾ ਦੀ ਉਮਰ* | *ਕੁਜੰਮਾ ਦਾ ਭਾਰ* | *ਮਿਠਾਈ ਦੀ ਮਾਤਰਾ* |
|---|---|---|
| ਜਨਮ ਦੇ ਸਮੇਂ | 3 ਕਿਲੋ | 3 + 3 = 6 ਕਿਲੋ |
| 1 ਸਾਲ ਦੀ ਉਮਰ ਵਿਚ | 9 ਕਿਲੋ | ________ |
| 2 ਸਾਲ ਦੀ ਉਮਰ ਵਿਚ | ________ | 13 + 13 = 26 ਕਿਲੋ |
| 3 ਸਾਲ ਦੀ ਉਮਰ ਵਿਚ | 17 ਕਿਲੋ | ________ |
| 4 ਸਾਲ ਦੀ ਉਮਰ ਵਿਚ | ________ | ________ |
| 5 ਸਾਲ ਦੀ ਉਮਰ ਵਿਚ | 28 ਕਿਲੋ | ________ |

ਤੁਸੀਂ ਆਪਣੇ ਵੱਡਿਆਂ ਤੋਂ ਪੁੱਛ ਸਕਦੇ ਹੋ ਕਿ 2 ਸਾਲ ਜਾਂ 4 ਸਾਲ ਦੇ ਬੱਚੇ ਦਾ ਭਾਰ ਕਿੰਨਾ ਕੁ ਹੁੰਦਾ ਹੋਵੇਗਾ।



## ਸੁਗੋਤੋ ਨੇ ਖਿਚੜੀ ਬਣਾਈ

ਸੁਗੋਤੋ ਨੇ ਰੇਡੀਉ 'ਤੇ ਇੱਕ ਨਵੇਂ ਤਰ੍ਹਾਂ ਦੇ ਖਾਣੇ ਬਾਰੇ ਸੁਣਿਆ।ਉਸਨੇ ਉਸਨੂੰ ਬਣਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਉਸ ਨੇ ਇਸ ਚੀਜ਼ ਨੂੰ ਬਣਾਉਣ ਦਾ ਤਰੀਕਾ ਲਿਖਣਾ ਚਾਹਿਆ ਤਾਂ ਉਸ ਸਮੇਂ ਉਹ ਚੱਕਰ ਵਿੱਚ ਪੈ ਗਿਆ।

ਉਸ ਨੇ ਜੋ ਕੁਝ ਲਿਖਿਆ ਉਹ ਇਸ ਤਰ੍ਹਾਂ ਸੀ।

(1) ਕੁੱਕਰ ਵਿੱਚ 2 ਚਮਚ ਪਾਣੀ ਪਾਉ।

(2) ਪਾਣੀ ਉਬਲਣ 'ਤੇ ਉਸ ਵਿੱਚ ਪਾਉ

- **ਚੁਟਕੀ ਭਰ** ਦਾਲ
  **ਅੱਧਾ ਕਿਲੋ** ਲਾਲ ਮਿਰਚ ਪਾਊਡਰ
  **1 ਕਟੋਰੀ** ਲੂਣ


ਹੁਣ **ਇੱਕ ਚਮਚ** ਚੌਲ ਪਾਉ

**2** ਮਟਰ ਅਤੇ **8 ਗਿਲਾਸ** ਸਰੋਂ ਦੇ ਦਾਣੇ ਪਾਉ

ਅੰਤ ਵਿੱਚ **1 ਕਿਲੋ** ਪਿਆਜ਼ ਪਾਉ

ਸਾਰਿਆਂ ਨੂੰ ਮਿਲਾਉ ਅਤੇ 15 ਮਿੰਟ ਤੱਕ ਉਬਾਲੋ।

ਪਰ ਸੁਗੋਤੋ ਨੂੰ ਲੱਗਾ ਕਿ ਚੀਜ਼ਾਂ ਦੀ ਮਾਤਰਾ ਨੂੰ ਲੈ ਕੇ ਵੱਡੀ ਭਾਰੀ ਗਲਤੀ ਹੋਈ ਹੈ!!!



* ਉਸਦੀ ਮਦਦ ਕਰੋ ਤਾਂ ਕਿ ਖਿਚੜੀ ਬਣਾਉਣ ਦੇ ਲਈ ਉਹ ਚੀਜ਼ਾਂ ਨੂੰ ਸਹੀ ਮਾਤਰਾ ਵਿੱਚ ਮਿਲਾ ਸਕੇ

| | |
|---|---|
| **1 ਕਿਲੋ** | ਚੌਲ |
| **ਅੱਧਾ ਕਿਲੋ** | ਦਾਲ |
| ________ | ਮਟਰ |
| ________ | ਪਾਣੀ |
| ________ | ਪਿਆਜ਼ |
| ________ | ਲੂਣ |
| ________ | ਸਰੋਂ ਦੇ ਦਾਣੇ |
| ________ | ਲਾਲ ਮਿਰਚ ਪਾਊਡਰ |

### ਚਲੋ ਕੁੱਝ ਕਰਦੇ ਹਾਂ

ੳ) ਉਹਨਾਂ ਚੀਜ਼ਾਂ ਦੀ ਸੁਚੀ ਬਣਾਉ ਜਿਹੜੀਆਂ ਤੁਹਾਡੇ ਘਰ ਖਰੀਦੀਆਂ ਜਾਂਦੀਆਂ ਹਨ। ਪਤਾ ਕਰੋ ਹਰ ਇੱਕ ਚੀਜ਼ ਦੀ ਕਿੰਨੀ ਮਾਤਰਾ ਇੱਕ ਵਾਰ ਵਿੱਚ ਖਰੀਦੀ ਜਾਂਦੀ ਹੈ।ਇਹ ਚੀਜ਼ਾਂ ਚੌਲ, ਤੇਲ, ਮਿਰਚ ਪਾਊਡਰ, ਖੰਡ, ਦੁੱਧ, ਪਿਆਜ, ਅਦਰਕ ਆਦਿ ਹੋ ਸਕਦੀਆਂ ਹਨ।

| ਚੀਜ਼ਾਂ ਦੇ ਨਾਂ | ਕਿੰਨੀ ਮਾਤਰਾ ਲਿਆਂਦੀ ਗਈ |
| --- | --- |
| | |
| | |
| | |
| | |
| | |
| | |
| | |
| | |
| | |
| | |

ਅ) ਇਨ੍ਹਾਂ ਦੇ ਭਾਰ ਦਾ ਅੰਦਾਜ਼ਾ ਲਗਾਓ
ਅਤੇ ਮਿਲਾਉ ।





10ਕਿਲੋ


400 ਕਿਲੋ

1 ਕਿਲੋ ਤੋਂ ਘੱਟ

1000 ਕਿਲੋ ਤੋਂ ਜ਼ਿਆਦਾ

80 ਕਿਲੋ

2 ਕਿਲੋ









ੲ) ਅੰਦਾਜ਼ਾ ਲਗਾਉ ਕਿ ਹੇਠਾਂ ਲਿਖੀਆਂ ਚੀਜ਼ਾਂ ਵਿਚ ਕਿਸਦਾ ਭਾਰ 1 ਕਿਲੋਗ੍ਰਾਮ ਤੋਂ ਜ਼ਿਆਦਾ ਹੈ ? ਕਿਸਦਾ ਭਾਰ 1 ਕਿਲੋਗ੍ਰਾਮ ਤੋਂ ਘੱਟ ਹੈ ?




ਤੁਹਾਡੇ ਸਕੂਲ ਦਾ ਬਸਤਾ



ਇੱਕ ਜੁਮੈਟਰੀ ਬਾਕਸ






ਇੱਕ ਇੱਟ



ਇੱਕ ਵੱਡਾ ਕੱਦੂ




ਤੁਹਾਡੀਆਂ ਚੱਪਲਾਂ

ਆਪਣੀ ਜਮਾਤ ਵਿੱਚ ਇੱਕ ਤੱਕੜੀ ਅਤੇ 1 ਕਿਲੋ ਦਾ ਵੱਟਾ ਲੈ ਕੇ ਆਉ। ਤੋਲ ਕੇ ਦੇਖੋ ਕਿ ਤੁਹਾਡਾ ਅੰਦਾਜ਼ਾ ਕਿੰਨਾ ਸਹੀ ਹੈ।

ਸ) ਤੱਕੜੀ ਦੀ ਵਰਤੋਂ ਕਰਕੇ ਦੱਸੋ ਕਿ ਇਨ੍ਹਾਂ ਵਿੱਚੋਂ ਕਿਹੜਾ ਜ਼ਿਆਦਾ ਭਾਰਾ ਹੈ?

1. ਇੱਕ ਖਾਲੀ ਬੋਤਲ ਜਾਂ ਇੱਕ ਕ੍ਰਿਕੇਟ ਦੀ ਗੇਂਦ
2. ਤੁਹਾਡਾ ਬੂਟ ਜਾਂ ਤੁਹਾਡਾ ਪੈਨਸਿਲ ਬਾਕਸ
3. ਤੁਹਾਡੀ ਹਿੰਦੀ ਦੀ ਕਿਤਾਬ ਜਾਂ ਗਣਿਤ ਦੀ ਕਿਤਾਬ
4. ਤੁਹਾਡਾ ਬਸਤਾ ਜਾਂ ਤੁਹਾਡੇ ਦੋਸਤ ਦਾ ਬਸਤਾ



ਹ) 1 ਕਿਲੋ ਮਿੱਟੀ ਜਾਂ ਰੇਤ ਨੂੰ ਤੋਲੋ। ਇਸ ਨੂੰ ਦੋ ਥੈਲੀਆਂ ਵਿੱਚ ਬਰਾਬਰ-ਬਰਾਬਰ ਵੰਡੋ।ਤੱਕੜੀ ਨਾਲ ਤੋਲ ਕੇ ਦੇਖੋ ਕਿ ਦੋਨੋਂ ਬਰਾਬਰ ਹਨ।



ਇਹ ਥੈਲੀਆਂ ਬਣ ਗਈਆਂ ਤੁਹਾਡੇ ਅੱਧਾ-ਅੱਧਾ ਕਿਲੋ ਦੇ ਵੱਟੇ। ਇਸਦੀ ਵਰਤੋਂ ਕਰਕੇ ਆਪਣੇ ਆਲੇ- ਦੁਆਲੇ ਦੀਆਂ ਚੀਜ਼ਾਂ ਤੋਲੋ।

* ਸੂਚੀ ਬਣਾਉ

1 ਉਹ ਚੀਜ਼ਾਂ, ਜਿਹਨਾਂ ਦਾ ਵਜ਼ਨ 1/2 ਕਿਲੋ ਤੋਂ ਘੱਟ ਹੈ।

2. ਉਹ ਚੀਜ਼ਾਂ, ਜਿਹਨਾਂ ਦਾ ਵਜ਼ਨ 1/2 ਕਿਲੋ ਤੋਂ ਜ਼ਿਆਦਾ ਹੈ।

ਵੱਖ-ਵੱਖ ਕਿਰਿਆਵਾਂ ਨਾਲ ਬੱਚਿਆਂ ਨੂੰ ਉਹਨਾਂ ਚੀਜ਼ਾਂ ਦੇ ਵਜ਼ਨ ਦਾ ਅਨੁਮਾਨ ਲਗਾਉਣ ਵਿਚ ਮਦਦ ਮਿਲੇਗੀ ਜਿਨ੍ਹਾਂ ਨੂੰ ਉਹ ਆਪਣੇ ਘਰ ਜਾਂ ਕਰਿਆਨੇ ਦੀ ਦੁਕਾਨ 'ਤੇ ਵੇਖਦੇ ਹਨ।ਜਾਨਵਰਾਂ ਦੇ ਵਜ਼ਨ ਦਾ ਅੰਦਾਜ਼ਾ ਲਾਉਣਾ ਇਕ ਮਜ਼ੇਦਾਰ ਕਿਰਿਆ ਹੋ ਸਕਦੀ ਹੈ ਜਿਸਦੇ ਨਾਲ ਉਹਨਾਂ ਨੂੰ ਜ਼ਿਆਦਾ ਭਾਰੀਆਂ ਚੀਜ਼ਾਂ ਦਾ ਵੀ ਅਹਿਸਾਸ ਹੋਵੇਗਾ।ਅਧਿਆਪਕ ਜਮਾਤ ਵਿਚ ਇਕ ਤੱਕੜੀ ਜ਼ਰੂਰ ਲੈ ਕੇ ਆਵੇ ਅਤੇ ਸਾਰੇ ਬੱਚਿਆਂ ਨੂੰ ਆਪ ਤੋਲ ਕੇ ਵੇਖਣ ਦਾ ਮੌਕਾ ਦੇਵੇ।

## ਵੱਟੇ ਅਤੇ ਤੱਕੜੀ ਨੂੰ ਵੇਖੋ


ਨੇੜੇ ਦੀ ਕਬਾੜੀ ਦੀ ਦੁਕਾਨ, ਸਬਜ਼ੀ ਦੀ ਦੁਕਾਨ ਅਤੇ ਕਰਿਆਨੇ ਦੀ ਦੁਕਾਨ 'ਤੇ ਜਾਉ। ਧਿਆਨ ਨਾਲ ਦੇਖੋ ਕਿ ਇਹ ਕਿਸ ਤਰ੍ਹਾਂ ਦੇ ਵੱਟੇ ਦੀ ਵਰਤੋਂ ਕਰਦਾ ਹੈ। ਪਤਾ ਲਗਾਉ-

1. ਕਿਹੜਾ ਸਭ ਤੋਂ ਵੱਡੇ ਵੱਟੇ ਦੀ ਵਰਤੋਂ ਕਰਦਾ ਹੈ?
2. ਕਿਹੜਾ ਸਭ ਤੋਂ ਛੋਟੇ ਵੱਟੇ ਦੀ ਵਰਤੋਂ ਕਰਦਾ ਹੈ?

ਕੀ ਤੁਸੀਂ ਕਦੇ ਇਸ ਤਰ੍ਹਾਂ ਦੀਆਂ ਤੱਕੜੀਆਂ ਵੇਖੀਆਂ ਹਨ?



ਤੁਹਾਨੂੰ ਕਿਸ ਦੁਕਾਨ ਵਿਚ ਹੇਠਾਂ ਦਿਖਾਏ ਗਏ ਵੱਟੇ ਮਿਲਣਗੇ? ਦੋਸਤਾਂ ਨਾਲ ਗੱਲਬਾਤ ਕਰੋ।



# 9 ਬੋਲੋ ਬਈ ਕਿੰਨੇ ਗੁਣਾ?



ਪੈਰ ਹੀ ਪੈਰ

ਇੱਥੇ ਪੰਜ ਬੱਕਰੀਆਂ ਹਨ।

ਇਹਨਾਂ ਸਾਰਿਆਂ ਨੂੰ ਮਿਲਾ ਕੇ ਕਿੰਨੇ ਪੈਰ ਹੋਣਗੇ?

$4 + 4 + 4 + 4 + 4 = 20$

ਜਾਂ 4 ਦਾ 5 ਗੁਣਾ 20 ਹੈ

ਜਾਂ $5 \times 4 = 20$



ਇੱਥੇ ਕਿੰਨੀਆਂ ਮੱਕੜੀਆਂ ਹਨ? ________

ਇੱਕ ਮੱਕੜੀ ਦੇ ________ ਪੈਰ ਹੁੰਦੇ ਹਨ।

ਸਾਰੀਆਂ ਮੱਕੜੀਆਂ ਦੇ ਪੈਰ ਮਿਲਾ ਕੇ ________ ਦੇ 3 ਗੁਣਾ ਹੋਣਗੇ।

ਜਾਂ ☐ + ☐ + ☐ = ________

ਜਾਂ 3 × ______ = ________



ਕੀ ਤੁਸੀਂ ਇੰਨੀਆਂ ਜ਼ਿਆਦਾ ਲੱਤਾਂ ਵਾਲੇ ਸਾਹਬ ਨੂੰ ਜਾਣਦੇ ਹੋ?

ਇਹ ਇੱਕ ਆਕਟੋਪਸ ਹੈ?

ਇਹ ਸਮੁੰਦਰ ਵਿੱਚ ਰਹਿੰਦਾ ਹੈ।

ਇਸਦੇ ਵੀ 8 ਪੈਰ ਹੁੰਦੇ ਹਨ।

5 ਆਕਟੋਪਸ ਦੇ ਮਿਲਾ ਕੇ ਕੁੱਲ ਕਿੰਨੇ ਪੈਰ ਹੋ ਜਾਣਗੇ?

☐ + ☐ + ☐ + ☐ + ☐ = ________

ਜਾਂ 5 ਗੁਣਾ ________ = ________

ਜਾਂ 5 × ________ = ________





ਆਉ ਮਿਲਾਈਏ ਹੱਥ, ਹੱਥ ......

ਬਿਨਾ ਗਿਣੇ ਸੰਖਿਆ ਪਤਾ ਕਰੋ।

ਇਸ ਬਾਗ ਵਿਚ ਕੁੱਲ ਕਿੰਨੇ ਫੁੱਲ ਹਨ ?
ਇੱਥੇ 4 ਖੜ੍ਹੇ ਰੁੱਖ ਕਿਆਰੀਆਂ ਹਨ। ਹਰ ਕਿਆਰੀ ਵਿੱਚ 6 ਫੁੱਲ ਹਨ।
ਇਸ ਲਈ ਬਾਗ ਵਿੱਚ 6 ਦੇ 4 ਗੁਣਾ ਫੁੱਲ ਹਨ।


$6 + 6 + 6 + 6 = 24$ ਜਾਂ
$4 \times 6 = 24$





ਆਉ ਇੱਕ ਦੂਸਰਾ ਤਰੀਕਾ ਦੇਖੀਏ। ਇਸ ਬਾਗ ਵਿੱਚ 6 ਸਿੱਧੀਆਂ ਕਿਆਰੀਆਂ ਹਨ। ਹਰ ਸਿੱਧੀ ਕਿਆਰੀ ਵਿੱਚ 4 ਫੁੱਲ ਹਨ। ਇਸ ਲਈ ਇਸ ਬਾਗ ਵਿਚ ਕੁੱਲ ਮਿਲਾ ਕੇ 4 ਦੇ 6 ਗੁਣਾ ਫੁੱਲ ਹਨ।

$4 + 4 + 4 + 4 + 4 + 4 = 24$
ਜਾਂ $6 \times 4 = 24$



ਇਸੇ ਤਰ੍ਹਾਂ, ਇਹ ਕੁੱਲ ਕਿੰਨੀਆਂ ਬੋਤਲਾਂ ਹਨ?

_____ ਗੁਣਾ _____ = _____ ਬੋਤਲਾਂ

ਕਿੰਨੇ ਅੰਡੇ ਹਨ?

_____ ਗੁਣਾ _____ = _____ ਅੰਡੇ



ਅਭਿਆਸ ਦਾ ਸਮਾਂ

ੳ) + ਦੇ ਚਿੰਨ੍ਹ ਦੀ ਵਰਤੋਂ ਕਰਕੇ ਦੁਬਾਰਾ ਲਿਖੋ।

2 × 5 ਬਰਾਬਰ ਹੈ 5 ਦਾ 2 ਗੁਣਾ ਜਾਂ 5 + 5

4 × 18 ਬਰਾਬਰ ਹੈ____ ਦਾ 4 ਗੁਣਾ ਜਾਂ ____ + ____ + ____ + ____

3 × 20 ਬਰਾਬਰ ਹੈ ____ ਦਾ ____ ਗੁਣਾ ਜਾਂ ____ + ____ + ____

8 × 9 ਬਰਾਬਰ ਹੈ ____ ਦਾ ____ ਗੁਣਾ ਜਾਂ ____ + ____ + ____ + ____ + ____ + ____ + ____ + ____



ਅ) ਦੱਸੋ ਕਿ ਇਹ ਕਿੰਨੇ ਗੁਣਾ ਹਨ!

| | | |
|---|---|---|
| 9 + 9 + 9 + 9 + 9 + 9 | = 6 × 9 | = 54 |
| 4 + 4 + 4 + 4 + 4 | = 5 × 4 | = 20 |
| 8 + 8 + 8 | = ____ × 8 | = ______ |
| 3 + 3 + 3 + 3 + 3 | = 5 × ____ | = ______ |
| 30 + 30 + 30 | = ____ × ____ | = ______ |
| 7 + 7 + 7 + 7 + 7 + 7 | = ____ × ____ | = ______ |
| 12 + 12 + 12 + 12 | = ____ × 12 | = ______ |
| 6 + 6 + 6 | = ____ × ____ | = ______ |
| 10 + 10 + 10 + 10 | = ____ × ____ | = ______ |
| 2 + 2 + 2 + 2 + 2 | = ____ × ____ | = ______ |
| 6 + 6 + 6 + 6 + 6 + 6 + 6 | = ____ × ____ | = ______ |



ੲ) ਰਾਮੂ ਬਿਸਕੁੱਟ ਦੇ ਚਾਰ ਪੈਕਟ ਲਿਆਇਆ। ਹਰ ਪੈਕਟ ਵਿੱਚ 4 ਬਿਸਕੁੱਟ ਸੀ। ਰਾਮੂ ਨੇ ਕੁੱਲ ਕਿੰਨੇ ਬਿਸਕੁੱਟ ਖਰੀਦੇ?



ਸ) ਜਮਾਤ ਵਿੱਚ 12 ਡੈਸਕ ਹਨ। ਹਰ ਡੈਸਕ ਦੀਆਂ 4 ਲੱਤਾਂ ਹਨ ਜਮਾਤ ਵਿੱਚ ਸਾਰੇ ਡੈਸਕਾਂ ਦੀਆਂ ਕੁੱਲ ਕਿੰਨੀਆਂ ਲੱਤਾਂ ਹਨ?




ਹ) ਸਬੀਹਾ ਫੁੱਲਾਂ ਦੇ 3 ਗੁੱਛੇ ਲੈ ਕੇ ਘਰ ਆਈ। ਹਰ ਗੁੱਛੇ ਵਿੱਚ 4 ਫੁੱਲ ਹਨ। ਦੱਸੋ ਕੁੱਲ ਕਿੰਨੇ ਫੁੱਲ ਹੋਏ?

ਕ) ਇੱਕ ਰੇਲ ਦੇ ਡੱਬੇ ਦੇ 8 ਪਹੀਏ ਹਨ। 6 ਡੱਬਿਆਂ ਵਿੱਚ ਕਿੰਨੇ ਪਹੀਏ ਹੋਣਗੇ?



ਜਦੋਂ ਬੱਚੇ ਸ਼ਬਦਾਂ ਵਿੱਚ ਦਿੱਤੇ ਗਏ ਸਵਾਲਾਂ ਨੂੰ ਹੱਲ ਕਰ ਲੈਣ ਤਾਂ ਇਸ ਉੱਤੇ ਚਰਚਾ ਜ਼ਰੂਰ ਹੋਣੀ ਚਾਹੀਦੀ ਕਿ ਜਵਾਬ ਤੱਕ ਕਿਸ ਤਰ੍ਹਾਂ ਪਹੁੰਚੀਏ। ਸਿਰਫ਼ ਸਹੀ ਜਵਾਬ ਨਹੀਂ, ਪ੍ਰਕਿਰਿਆ ਮਹੱਤਵਪੂਰਨ ਹੈ ਇਸ ਨਾਲ ਬੱਚਿਆਂ ਵਿੱਚ ਗੁਣਾ ਕਰਨ ਦੀ ਧਾਰਨਾ ਵਿਕਸਿਤ ਹੋਵੇਗੀ।


## ਦੋ ਦਾ ਕਿੰਨੇ ਗੁਣਾ?



| | | | | | | | | | |
|---|---|---|---|---|---|---|---|---|---|
| 1 | ਗੁਣਾ | 2 | ਹੈ | 2 | ਜਾਂ | 1 | × 2 | = | 2 |
| 2 | ਗੁਣਾ | 2 | ਹੈ | 4 | ਜਾਂ | 2 | × 2 | = | 4 |
| 3 | ਗੁਣਾ | 2 | ਹੈ | 6 | ਜਾਂ | 3 | × 2 | = | 6 |
| 4 | ਗੁਣਾ | 2 | ਹੈ | ____ | ਜਾਂ | 4 | × 2 | = | ____ |
| 5 | ਗੁਣਾ | 2 | ਹੈ | ____ | ਜਾਂ | 5 | × 2 | = | ____ |
| 6 | ਗੁਣਾ | 2 | ਹੈ | ____ | ਜਾਂ | 6 | × 2 | = | ____ |
| ____ | ਗੁਣਾ | 2 | ਹੈ | ____ | ਜਾਂ | ____ | × 2 | = | ____ |
| ____ | ਗੁਣਾ | ____ | ਹੈ | ____ | ਜਾਂ | 8 | × 2 | = | ____ |
| ____ | ਗੁਣਾ | ____ | ਹੈ | ____ | ਜਾਂ | 9 | × 2 | = | ____ |
| ____ | ਗੁਣਾ | ____ | ਹੈ | ____ | ਜਾਂ | 10 | × 2 | = | ____ |

## ਟੱਪੋ ਮੇਰੇ ਨਾਲ

ਟਰਰੂ ਡੱਡੂ ਹਰ ਛਾਲ ਵਿੱਚ
3 ਕਦਮ ਟੱਪਦਾ ਹੈ।
ਟਰਰੂ ਕਿਹੜੀਆਂ- ਕਿਹੜੀਆਂ ਸੰਖਿਆਵਾਂ
'ਤੇ ਟੱਪਦਾ ਹੋਇਆ ਜਾਵੇਗਾ?



1 × 3

2 × 3

3 × 3

4 × 3

5 × 3

6 × 3

7 × 3

8 × 3

9 × 3

10 × 3

11 × 3


12 × 3

13 × 3

14 × 3

15 × 3

ਚਾਰ-ਚਾਰ ਕਦਮ ਦੀ ਛਾਲ ਦਿਖਾਓ।



1 × 4

2 × 4

3 × 4

4 × 4

5 × 4

6 × 4

7 × 4

8 × 4

9 × 4

10 × 4

11 × 4


12 × 4

13 × 4

14 × 4

15 × 4

ਸੱਤ ਕਦਮ ਦੀ ਛਾਲ ਦਿਖਾਓ।



1 × 7

2 × 7

3 × 7

4 × 7

5 × 7

6 × 7

7 × 7

8 × 7

9 × 7

10 × 7

11 × 7

12 × 7

13 × 7

14 × 7

15 × 7

## ਤੀਲੀਆਂ ਦੀ ਖੇਡ



ਮਿੰਨੂ ਦੇ ਕੋਲ ਕੁੱਝ ਤੀਲੀਆਂ ਹਨ। ਉਸਨੇ ਇਹਨ੍ਹਾਂ ਤੀਲੀਆਂ ਨੂੰ ਕੁੱਝ ਇਸ ਤਰ੍ਹਾਂ ਲਗਾ ਦਿੱਤਾ

1 ਗੁਣਾ 5 = 5

2 ਗੁਣਾ 5 = 10


3 ਗੁਣਾ 5 = 15

4 ਗੁਣਾ 5 = 20

ਫਿਰ ਉਸਨੇ ਇਹ ਗਿਣਿਆ ਕਿ ਤੀਲੀਆਂ ਕਿੰਨੀ ਵਾਰ ਇੱਕ ਦੂਸਰੇ ਨੂੰ ਕੱਟਦੀਆਂ ਹਨ। ਉਸਨੇ ਦੇਖਿਆ ਕਿ –

4 ਗੁਣਾ 5 = $4 \times 5 = 20$

ਚਲੋ 2 ਦਾ ਪਹਾੜਾ ਬਣਾਉਂਦੇ ਹਾਂ।



$1 \times 2 = 2$

$2 \times 2 = 4$

$3 \times 2 = 6$

$4 \times 2 =$

$5 \times 2 =$

$6 \times 2 =$

$7 \times 2 =$

$8 \times 2 =$

$9 \times 2 =$


$10 \times 2 =$



ਬੱਚਿਆਂ ਨੂੰ 16 ਅਤੇ 24 ਤੀਲੀਆਂ ਵੀ ਦਿੱਤੀਆਂ ਜਾ ਸਕਦੀਆਂ ਹਨ। ਉਹਨ੍ਹਾਂ ਤੀਲੀਆਂ ਦੇ ਲਈ $4 \times 4$, $2 \times 8$, $8 \times 2$ ਵਰਗੀ ਸਜਾਵਟ ਅਤੇ 24 ਤੀਲੀਆਂ ਦੇ ਲਈ $12 \times 2$, $8 \times 3$, $4 \times 6$, $6 \times 4$, $3 \times 8$, $2 \times 12$ ਵਰਗੀ ਸਜਾਵਟ ਕਰਨੀ ਦਿੱਤੀ ਜਾਵੇ।



ਹੁਣ 6 ਦਾ ਪਹਾੜਾ ਬਣਾਉਣ ਦੇ
ਲਈ ਤੀਲੀਆਂ ਸਜਾਉ।



ਪਹਾੜਿਆਂ ਦੀ ਸਹਾਇਤਾ ਨਾਲ ਮੁੱਲ

ਇਹਨ੍ਹਾਂ ਚੀਜ਼ਾਂ ਦਾ ਕਿੰਨਾ ਮੁੱਲ ਹੋਵੇਗਾ?





4 ਟੌਫੀਆਂ ਦਾ ਮੁੱਲ ____________ ਰੁਪਏ।

(ਇਸ਼ਾਰਾ : 4 × 2)

ਪੈਨਸਿਲ ਦੇ 3 ਡੱਬਿਆਂ ਦਾ ਮੁੱਲ ________ ਰੁਪਏ।




ਪੈਨਸਿਲ ਦੇ 10 ਡੱਬਿਆਂ ਦਾ ਮੱਲ ________ ਰੁਪਏ।



9 ਗੁਬਾਰਿਆਂ ਦਾ ਮੁੱਲ ________ ਰੁਪਏ।

5 ਖਿਡੌਣਿਆਂ ਦਾ ਮੁੱਲ ________ ਰੁਪਏ।





7 ਮੁਖੌਟਿਆਂ ਦਾ ਮੁੱਲ ________ ਰੁਪਏ

## ਅਭਿਆਸ ਦਾ ਸਮਾਂ

ੳ) ਹੇਠਾਂ ਲਿਖਿਆਂ ਨੂੰ ਪੂਰਾ ਕਰੋ।

| | |
|---|---|
| 2 × 7 = ________ | 3 × 9 = ________ |
| 4 × 9 = ________ | 5 × 2 = ________ |
| 5 × 8 = ________ | 3 × 10 = ________ |
| 10 × 6 = ________ | 2 × 8 = ________ |
| 5 × 9 = ________ | 10 × 8 = ________ |

ਅ) ਇਹ ਪੈਟਰਨ ਦੇਖੋ ਅਤੇ ਪੂਰਾ ਕਰੋ।

3, 6, 9, ________, ________, ________

2, 4, 6, ________, ________, ________

10, 20, 30, ________, ________, ________


4, 8, 12, ________, ________, ________

5, 10, 15, ________, ________, ________

30, 60, 90, ________, ________, ________



ਗੁਣਾ ਕਰੋ ਦਰੱਖ਼ਤ ਭਰੋ।



ਈ) ਕੁੱਲ ਕਿੰਨੇ ?




- ਅਲਮਾਰੀ ਵਿੱਚ ਚਾਰ ਖਾਨੇ ਹਨ।
  ਹਰ ਖਾਨੇ ਵਿੱਚ 5 ਕਿਤਾਬਾਂ ਹਨ।
  ਅਲਮਾਰੀ ਵਿੱਚ ਕੁੱਲ ਕਿੰਨੀਆਂ ਕਿਤਾਬਾਂ ਹਨ?

  4 × 5 = 20 ਕਿਤਾਬਾਂ



- ਇੱਕ ਕਮੀਜ਼ ਵਿੱਚ 5 ਬਟਨ ਹਨ। 3 ਕਮੀਜ਼ਾਂ ਵਿੱਚ ਕਿੰਨੇ ਬਟਨ ਹੋਣਗੇ?



- ਇਹ ਚਾਰ ਪੱਖੇ ਹਨ। ਹਰ ਪੱਖੇ ਦੇ 3 ਪਰ ਹਨ। ਕੁੱਲ ਮਿਲਾ ਕੇ ਕਿੰਨੇ ਪਰ ਹੋ ਜਾਣਗੇ?



- ਇੱਕ ਬਕਸੇ ਵਿੱਚ 6 ਸੇਬ ਹਨ। ਸੱਤ ਬਕਸਿਆਂ ਵਿੱਚ ਕੁੱਲ ਮਿਲਾ ਕੇ ਕਿੰਨੇ ਸੇਬ ਹੋ ਜਾਣਗੇ?



- 4 ਤਿਕੋਣਾਂ ਵਿੱਚ ਕੁੱਲ ਮਿਲਾ ਕੇ ਕਿੰਨੇ ਕੋਨੇ ਹੋ ਜਾਣਗੇ?

*ਸ) ਜਲਦੀ ਦੱਸੋ –*

- 8 × 3 = ______
- 5 × ____ = 35
- 3 × ____ = ______
- ____ × 6 = 36
- ____ × ____ = 42
- 10 × ____ = ______
- 5 × ____ = 40
- ____ × 9 = 36
- ____ × ____ = 54
- ____ × 7 = 28

**1 ਦਾ ਪਹਾੜਾ**



ਇਕ ਗੁਣਾ ਇਕ ਜਾਂ 1 × 1 = 1

ਇਕ ਗੁਣਾ ਦੋ ਜਾਂ 2 × 1 = 2

ਇੱਕ ਗੁਣਾ ਤਿੰਨ ਜਾਂ 3 × ___ = ___

ਇੱਕ ਗੁਣਾ ਚਾਰ ਜਾਂ ___ × ___ = ___

ਇੱਕ ਗੁਣਾ ___ ਜਾਂ ___ × ___ = ___

ਇੱਕ ਗੁਣਾ ___ ਜਾਂ ___ × ___ = ___

ਇੱਕ ਗੁਣਾ ___ ਜਾਂ ___ × ___ = ___

ਇੱਕ ਗੁਣਾ ___ ਜਾਂ ___ × ___ = ___


**ਵੱਡੀਆਂ ਸੰਖਿਆਵਾਂ ਨੂੰ ਗੁਣਾ ਕਰਨਾ**

ੳ) ਜਮਾਤ ਵਿੱਚ ਹਰ ਵਿਦਿਆਰਥੀ ਨੂੰ 2 ਟੌਫੀਆਂ ਦਿੱਤੀਆਂ ਗਈਆਂ। ਜੇ ਜਮਾਤ ਵਿੱਚ 34 ਬੱਚੇ ਹਨ ਤਾਂ ਉਹਨਾਂ ਸਾਰਿਆਂ ਨੂੰ ਕੁੱਲ ਕਿੰਨੀਆਂ ਟੌਫੀਆਂ ਵੰਡੀਆਂ?

ਜਮਾਤ ਵਿਚ ਕੁੱਲ ਬੱਚੇ = 34

ਹਰ ਇੱਕ ਬੱਚੇ ਨੂੰ 2 ਟੌਫੀਆਂ ਮਿਲੀਆਂ।

ਕੁੱਲ ਟੌਫੀਆਂ ਵੰਡੀਆਂ 34 × 2





ਅਸੀ 34 ਗੁਣਾ 2
ਕਿਸ ਤਰ੍ਹਾਂ ਕੱਢੀਏ?

ਮੈਨੂੰ ਪਤਾ ਹੈ !



ਭਾਰਤੀ ਨੇ ਇਸ ਤਰ੍ਹਾਂ ਲਿਖਿਆ

ਇਹ ਕੀ ਹੈ?

| | 30 | 4 |
|---|---|---|
| 2 | | |

ਦੇਖੋ, 34 ਹੋਇਆ
30 ਅਤੇ 4
ਠੀਕ ਹੈ?



ਫਿਰ ਭਾਰਤੀ ਨੇ ਇਸ ਤਰ੍ਹਾਂ ਲਿਖਿਆ

| | 30 | 4 |
|---|---|---|
| 2 | 2 × 30<br>**60** | 2 × 4<br>**8** |



30 ਗੁਣਾ 2 ਹੋਇਆ 60 ਅਤੇ 4
ਗੁਣਾ 2 ਹੋਇਆ 8



ਪਰ ਜਵਾਬ ਕੀ
ਹੋਇਆ?



ਬਸ ਦੋਨੋਂ ਸੰਖਿਆਵਾਂ ਨੂੰ ਜੋੜ ਦਿਉ ਅਤੇ
ਲਉ ਮਿਲ ਗਿਆ ਜਵਾਬ 60 + 8 = 68
ਕੁੱਲ 68 ਟੌਫੀਆਂ ਹੋਈਆਂ।



ਵਾਹ ! ਇਹ ਤਾਂ
ਸੌਖਾ ਤਰੀਕਾ ਹੈ



ਅ) ਇੱਕ ਪਿਕਨਿਕ ਵਿੱਚ ਸਾਰੇ ਬੱਚਿਆਂ ਨੂੰ 4-4 ਫਲ ਦਿੱਤੇ ਗਏ। ਬੱਚਿਆਂ ਦੀ ਸੰਖਿਆ 23 ਸੀ।ਦੱਸੋ ਕੁੱਲ ਮਿਲਾ ਕੇ ਕਿੰਨੇ ਫ਼ਲ ਵੰਡੇ ਗਏ?

ਕੁੱਲ ਬੱਚੇ ਸੀ = 23

ਹਰ ਬੱਚੇ ਨੂੰ ਫ਼ਲ ਮਿਲੇ = 4

ਕੁੱਲ ਫ਼ਲ ਵੰਡੇ = 23 × 4




ਚਲੋ ਅਸੀਂ ਵੀ ਭਾਰਤੀ ਦੇ ਬਣਾਏ ਗਏ ਤਰੀਕੇ ਨਾਲ ਹੱਲ ਕਰੀਏ।

| | 20 | 3 |
|---|---|---|
| 4 | 20 × 4<br>**80** | 3 × 4<br>**12** |

80 ਅਤੇ 12 ਨੂੰ ਜੋੜਨ ਨਾਲ ਆਉਂਦਾ ਹੈ

$$\begin{array}{r} 80 \\ +\ 12 \\ \hline 92 \\ \hline \end{array}$$

ਇਸ ਲਈ 23 ਗੁਣਾ 4 ਹੋਇਆ 92



ਇਸ ਅਧਿਆਇ ਵਿਚ ਕਿਰਿਆਵਾਂ ਨੂੰ ਇਸ ਤਰ੍ਹਾਂ ਨਾਲ ਬਣਾਇਆ ਗਿਆ ਹੈ ਕਿ ਉਸ ਵਿਚ ਗੁਣਾ ਕਰਨ ਦੀ ਧਾਰਨਾ ਵਿਕਸਿਤ ਹੋਵੇ। ਵੱਡੀਆਂ ਸੰਖਿਆਵਾਂ ਨੂੰ ਪ੍ਰਚਲਿਤ ਤਰੀਕੇ ਨਾਲ ਕਰਾਉਣਾ ਬੱਚਿਆਂ ਦੀ ਸਮਝ ਵਿਚ ਰੁਕਾਵਟ ਪਾਉਂਦਾ ਹੈ। ਬੱਚਿਆਂ ਵਿਚ ਦੋ ਅਤੇ ਤਿੰਨ ਅੰਕਾਂ ਦੀ ਸਮਝ ਜਿਵੇਂ ਬਣਦੀ ਹੈ ਉਸ ਨੂੰ ਧਿਆਨ ਵਿਚ ਰੱਖ ਕੇ ਇਹ ਤਰੀਕਾ ਅਪਣਾਇਆ ਗਿਆ ਹੈ। ਬੱਚਿਆਂ ਨੂੰ ਇਸ ਗੱਲ ਲਈ ਪ੍ਰੇਰਿਤ ਕਰੋ ਕਿ ਉਹ ਇਸ ਗੁਣਾ ਦੇ ਨਤੀਜੇ ਦਾ ਅੰਦਾਜ਼ਾ ਲਗਾਉਣ।

## ਅਭਿਆਸ ਦਾ ਸਮਾਂ

ੳ) ਗੁਣਾ ਕਰੋ

| | |
|---|---|
| ✤ 22 × 3 = | ✤ 43 × 2 = |
| ✤ 21 × 4 = | ✤ 24 × 2 = |
| ✤ 11 × 5 = | ✤ 30 × 5 = |
| ✤ 20 × 4 = | ✤ 23 × 9 = |
| ✤ 26 × 4 = | ✤ 38 × 2 = |
| ✤ 25 × 3 = | ✤ 24 × 5 = |
| ✤ 35 × 3 = | ✤ 48 × 4 = |
| ✤ 32 × 5 = | ✤ 58 × 2 = |

ਅ) ਪਹਿਲਾ ਅੰਦਾਜ਼ਾ ਲਗਾਉ ਫਿਰ ਗੁਣਾ ਕਰੋ:

- ਇੱਕ ਫੁੱਲ ਦੀਆਂ ਪੰਜ ਪੱਤੀਆਂ ਹਨ।ਫੁੱਲਾਂ ਦੇ ਇੱਕ ਗੁੱਛੇ ਵਿਚ 13 ਫੁੱਲ ਹਨ। ਇਹਨਾਂ ਗੁੱਛਿਆਂ ਵਿਚ ਕੁੱਲ ਕਿੰਨੀਆਂ ਪੱਤੀਆਂ ਹਨ?



- ਇੱਕ ਕਿਤਾਬ ਵਿੱਚ 64 ਪੰਨੇ ਹਨ। ਇਸੇ ਤਰ੍ਹਾਂ ਦੀਆਂ 8 ਕਿਤਾਬਾਂ ਵਿਚ ਕਿੰਨੇ ਪੰਨੇ ਹੋਣਗੇ?





- ਸਕੂਲ ਦੀ ਸਭਾ ਵਿੱਚ ਬੱਚੇ ਕਤਾਰਾਂ ਵਿਚ ਖੜ੍ਹੇ ਹਨ।ਬੱਚਿਆਂ ਦੀਆਂ ਛੇ ਕਤਾਰਾਂ ਹਨ। ਹਰ ਕਤਾਰਾਂ ਵਿੱਚ 17 ਬੱਚੇ ਹਨ।ਉਥੇ ਕੁੱਲ ਕਿੰਨੇ ਬੱਚੇ ਹਨ?

- ਇੱਕ ਡਿਜ਼ਾਇਨ ਵਿੱਚ 3 ਫੁੱਲ ਹਨ। ਕੱਪੜੇ ਦੇ ਇੱਕ ਟੁੱਕੜੇ ਵਿੱਚ ਇਸ ਤਰ੍ਹਾਂ ਦੇ 17 ਡਿਜ਼ਾਇਨ ਹਨ। ਉਸ ਕੱਪੜੇ ਉੱਤੇ ਕੁੱਲ ਕਿੰਨੇ ਫੁੱਲ ਬਣੇ ਹੋਣਗੇ?



23 ਦਰਜ਼ਨਾਂ ਵਿੱਚ ਕਿੰਨੇ ਹੋਣਗੇ?

ਕਈ ਚੀਜ਼ਾਂ ਦਰਜ਼ਨਾਂ ਵਿੱਚ ਵੇਚੀਆਂ ਜਾਂਦੀਆਂ ਹਨ। ਉਦਾਹਰਣ ਦੇ ਲਈ ਵੰਗਾਂ ਅਤੇ ਕੇਲੇ ਦਰਜ਼ਨਾਂ ਦੇ ਹਿਸਾਬ ਨਾਲ ਵੇਚੇ ਜਾਂਦੇ ਹਨ।

1 ਦਰਜ਼ਨ ਕੇਲਿਆਂ ਦਾ ਮਤਬਲ
12 ਕੇਲੇ।

ਇਸ ਲਈ 23 ਦਰਜ਼ਨ ਕੇਲਿਆਂ ਵਿੱਚ
23 × 12 ਕੇਲੇ ਹੋਣਗੇ।














ਭਾਰਤੀ ਨੇ ਇਸ ਤਰ੍ਹਾਂ ਲਿਖਿਆ



ਇਸਦੇ ਬਾਅਦ ਭਾਰਤੀ ਨੇ ਕੁੱਝ ਇਸ ਤਰ੍ਹਾਂ ਲਿਖਿਆ

| | 20 | 3 |
|---|---|---|
| 10 | 20 × 10<br>**200** | 3 × 10<br>**30** |
| 2 | 20 × 2<br>**40** | 3 × 2<br>**6** |

ਫਿਰ ਭਾਰਤੀ ਨੇ ਇਸ ਤਰ੍ਹਾਂ

ਲਿਖਿਆ

$$\begin{array}{r} 200 \\ 40 \\ 30 \\ +\ 6 \\ \hline 276 \\ \hline \end{array}$$







ਇਸ ਲਈ 23 ਦਰਜਨ ਕੇਲਿਆਂ ਦਾ ਮਤਬਲ 276 ਕੇਲੇ।




ਹੁਣ **43 × 13** ਹੱਲ ਕਰਨ ਦੀ ਕੋਸ਼ਿਸ਼ ਕਰੋ

43 ਹੋਏ 40 ਅਤੇ 3

13 ਹੋਏ 10 ਅਤੇ 3

ਹੁਣ ਦੇਖੋ ਖਾਨਿਆਂ ਵਿੱਚ ਕਿਹੜੀਆਂ ਸੰਖਿਆਵਾਂ ਲਿਖੀਆਂ ਹਨ?

| | 40 | 3 |
|---|---|---|
| 10 | 40 × 10<br>**400** | 3 × 10<br>**30** |
| 3 | 40 × 3<br>**120** | 3 × 3<br>**9** |

ਹੁਣ ਖਾਨਿਆਂ ਵਿੱਚ ਲਿਖੀਆਂ ਸੰਖਿਆਵਾਂ ਨੂੰ ਜੋੜੋ।

$$\begin{array}{r} 400 \\ 120 \\ 30 \\ +\ 9 \\ \hline 559 \\ \hline \end{array}$$



ਇਸ ਲਈ $43 \times 13 = 559$

**ਅਭਿਆਸ ਦਾ ਸਮਾਂ**

ਪਹਿਲਾਂ ਜਵਾਬ ਦਾ ਅੰਦਾਜ਼ਾ ਲਗਾਉ, ਫਿਰ ਇਸ ਨੂੰ ਗੁਣਾ ਕਰਕੇ ਦੇਖੋ ਤੁਹਾਡਾ ਅੰਦਾਜ਼ਾ ਕਿੰਨਾ ਸਹੀ ਹੈ?

$42 \times 23 =$ ______ $73 \times 11 =$ ______

$51 \times 13 =$ ______ $54 \times 12 =$ ______

$25 \times 36 =$ ______ $12 \times 14 =$ ______

**ਗੁਣਾ ਦੇ ਪੈਟਰਨ**

ੳ) $9 \times 1 = 9$

$9 \times 2 = 18$ $1 + 8 = 9$

$9 \times 3 = 27$ $2 + 7 = 9$

$9 \times 4 = 36$ $3 + 6 = 9$

$9 \times 5 = 45$ $4 + 5 = 9$

$9 \times$ ___ $=$ ___ ___ $+$ ___ $=$ ___

$9 \times$ ___ $=$ ___ ___ $+$ ___ $=$ ___

$9 \times 8 =$ ___ ___ $+$ ___ $=$ ___

ਕੀ ਤੁਸੀਂ 9 ਦੇ ਪਹਾੜੇ ਵਿੱਚ ਇਹ ਪੈਟਰਨ ਪਹਿਚਾਣ ਸਕੇ? ਕਿਹੜੀ-ਕਿਹੜੀ ਸੰਖਿਆ ਦਾ ਜੋੜ 9 ਹੈ?

ਪਹਾੜਿਆਂ ਵਿਚ ਵੱਖ-ਵੱਖ ਪੈਟਰਨ ਨੂੰ ਪਹਿਚਾਨਣਾ ਬੱਚਿਆਂ ਵਿਚ ਸੰਖਿਆ-ਪ੍ਰਣਾਲੀ ਦੀ ਸਮਝ ਨੂੰ ਮਜ਼ਬੂਤ ਕਰਦਾ ਹੈ।

ਅ) ਸੰਖਿਆਵਾਂ ਨੂੰ ਗੁਣਾ ਕਰਕੇ ਹੇਠਾਂ ਦਿੱਤੀ ਗਈ ਸਾਰਣੀ ਨੂੰ ਪੂਰਾ ਕਰੋ।

| × | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| 1 | 1 | 2 | 3 | 4 | 5 | 6 | 7 | 8 | 9 | 10 |
| 2 | 2 | 4 | 6 | 8 | 10 | 12 | 14 | 16 | 18 | 20 |
| 3 | 3 | 6 | 9 | 12 | 15 | 18 | 21 | 24 | 27 | 30 |
| 4 | | | | | | | | | | |
| 5 | | | | | | | | | | |
| 6 | | | | | | | | | | |
| 7 | | | | | | | | | | |
| 8 | | | | | | | | | | |
| 9 | | | | | | | | | | |
| 10 | | | | | | | | | | |

ਸਾਰਣੀ ਵਿੱਚ ਬਣੇ ਕਰਾਸ ਨੂੰ ਦੇਖੋ।

| | | |
|---|---|---|
| | 3 | |
| 4 | 6 | 8 |
| | 9 | |

ਉੱਪਰ ਤੋਂ ਹੇਠਾਂ ਦੀਆਂ ਸੰਖਿਆਵਾਂ ਨੂੰ ਜੋੜੋ।

3 + 6 + 9 = 18

ਖੱਬੇ ਤੋਂ ਸੱਜੇ ਦੀਆਂ ਸੰਖਿਆਵਾਂ ਨੂੰ ਜੋੜੋ।

4 + 6 + 8 = 18

ਹਰ ਵਾਰ ਜੋੜ ਬਰਾਬਰ ਹੈ।

ਇਸ ਤਰ੍ਹਾਂ ਹੀ ਹੋਰ ਕਰਾਸ ਲੱਭੋ ਅਤੇ ਸੰਖਿਆਵਾਂ ਨੂੰ ਕਾਪੀ ਵਿੱਚ ਲਿਖੋ।।

ਝ) • 1-10 ਤੱਕ ਦੀਆਂ ਸੰਖਿਆਵਾਂ ਨੂੰ ਉਸੇ ਸਾਰਣੀ ਵਿੱਚ ਇੱਕ ਰੰਗ ਨਾਲ ਰੰਗੋ।

• 12-20 ਤੱਕ ਦੀਆਂ ਸੰਖਿਆਵਾਂ ਨੂੰ ਦੂਸਰੇ ਰੰਗ ਨਾਲ ਰੰਗੋ।

• ਇਸੇ ਤਰ੍ਹਾਂ 21 - 30 ਤੱਕ ਦੀ ਸੰਖਿਆਵਾਂ ਨੂੰ ਤੀਸਰੇ ਰੰਗ ਨਾਲ ਰੰਗੋ।

ਕੀ ਤੁਹਾਨੂੰ ਰੰਗਾਂ ਦਾ ਕੋਈ ਨਮੂਨਾ ਦਿਖ ਰਿਹਾ ਹੈ?





# 10 ਨਮੂਨਿਆਂ ਦੀ ਪਹਿਚਾਣ


## ਚਾਰੇ ਪਾਸੇ ਨਮੂਨੇ


ਅਸੀਂ ਹਰ ਰੋਜ਼ ਕਈ ਤਰ੍ਹਾਂ ਦੇ ਨਮੂਨੇ ਦੇਖਦੇ ਹਾਂ।
ਉਦਾਹਰਨ ਦੇ ਲਈ:

ਕੰਡਿਆਲੀ ਤਾਰ



ਖਿੜਕੀਆਂ ਦੀ ਗਰਿਲਾਂ






ਸੱਪ

ਆਪਣੇ ਚਾਰੇ ਪਾਸੇ ਦੇਖੋ ਅਤੇ ਤਿੰਨ ਇਸ ਤਰ੍ਹਾਂ ਦੀਆਂ ਚੀਜ਼ਾਂ ਦੇ ਨਾਂ ਲਿਖੋ ਜਿਸ ਵਿੱਚ ਤੁਹਾਨੂੰ ਕੁੱਝ ਨਮੂਨੇ ਦਿਖਾਈ ਦਿੰਦੇ ਹਨ। ____________ ____________ ____________

ਕੁੱਝ ਇਸ ਤਰ੍ਹਾਂ ਦੇ ਨਮੂਨੇ ਬਣਾਉ ਜਿਹੜੇ ਤੁਸੀਂ ਆਪਣੇ ਚਾਰੇ ਪਾਸੇ ਵੇਖਦੇ ਹੋ।






ਉਹ ਇਸ ਡਿਜ਼ਾਇਨ ਨੂੰ ਇੱਕ ਹੀ ਬਲਾਕ ਜਾਂ ਠੱਪੇ ਦੀ ਵਾਰ-ਵਾਰ ਵਰਤੋਂ ਕਰਕੇ ਬਣਾਉਂਦੀ ਹੈ। ਇੱਕ ਦਿਨ ਮੈਨੂੰ ਇੱਕ ਬਲਾਕ ਮਿਲਿਆ ਅਤੇ ਮੈਂ ਇੱਕ ਸੋਹਣਾ ਜਿਹਾ ਡਿਜ਼ਾਇਨ ਬਣਾਇਆ।



ਤੁਸੀਂ ਥੋੜ੍ਹਾ ਧਿਆਨ ਨਾਲ ਦੇਖੋਗੇ ਤਾਂ ਪਤਾ ਚੱਲੇਗਾ ਕਿ ਇਹ ਡਿਜ਼ਾਇਨ ਇੱਕ ਹੀ ਬਲਾਕ ਤੋਂ ਅਲੱਗ-ਅਲੱਗ ਤਰੀਕੇ ਦੀ ਵਰਤੋਂ ਕਰਕੇ ਬਣਾਇਆ ਗਿਆ ਹੈ।

ਜਿਸ ਤਰੀਕੇ ਨਾਲ ਹਰ ਬਲਾਕ ਨੂੰ ਦੁਹਰਾਇਆ ਗਿਆ ਹੈ। ਕੀ ਤੁਹਾਨੂੰ ਉਸ ਵਿੱਚ ਕੋਈ ਨਮੂਨਾ ਦਿਖਾਈ ਦਿੰਦਾ ਹੈ।

## ਚਿੱਤਰਾਂ ਦਾ ਨਮੂਨਾ

ਮੈਂ ਚਿੱਤਰਾਂ ਦੇ ਕੁੱਝ ਨਮੂਨੇ ਬਣਾਏ ਹਨ। ਮੈਂ ਹਰ ਨਮੂਨੇ ਦੇ ਲਈ ਕਿਸੇ ਨਿਯਮ ਦੀ ਵਰਤੋਂ ਕੀਤੀ ਹੈ।



ਇਸ ਨਮੂਨੇ ਦਾ ਨਿਯਮ ਇਹ ਹੈ ਕਿ-ਹਰ ਦੋ ਮੁੰਡਿਆਂ ਦੇ ਬਾਅਦ ਇੱਕ ਕੁੜੀ ਹੋਵੇ। ਫਿਰ ਇਸ ਨੂੰ ਦੁਹਰਾਇਆ ਜਾਵੇਗਾ।




ਇਸ ਨਮੂਨੇ ਵਿੱਚ ਇੱਕ ਤੀਰ ਉੱਪਰ ਵੱਲ ਹੈ ਅਤੇ ਇੱਕ ਤੀਰ ਹੇਠਾਂ ਵੱਲ ਹੈ। ਫਿਰ ਇਸੇ ਨੂੰ ਵਾਰ-ਵਾਰ ਦੁਹਰਾਇਆ ਗਿਆ ਹੈ।

## ਅਭਿਆਸ ਕਰੋ

- ਹੇਠਾਂ ਕੁੱਝ ਨਮੂਨੇ ਦਿੱਤੇ ਗਏ ਹਨ।

ਹਰ ਨਮੂਨੇ ਦੇ ਨਿਯਮ ਦਾ ਪਤਾ ਕਰੋ ਅਤੇ ਨਮੂਨੇ ਨੂੰ ਅੱਗੇ ਵਧਾਉ।


ੳ) 

ਅ) A A B A A B


ੲ)



ਸ)





ਹ)




ਕ) ਸਵੇਰੇ, ਦੁਪਹਿਰ, ਸ਼ਾਮ, ਰਾਤ, ਸਵੇਰੇ ______

## ਵੱਧਦੇ ਹੋਏ ਨਮੂਨੇ












ਕੀ ਤੁਸੀਂ ਇਸ ਵਿੱਚ ਕੋਈ ਨਿਯਮ ਲੱਭ ਸਕਦੇ ਹੋ ਅਤੇ ਨਮੂਨੇ ਨੂੰ ਅੱਗੇ ਵਧਾ ਸਕਦੇ ਹੋ?

ਇਹਨਾਂ ਨੂੰ ਵੀ ਅੱਧ ਵਧਾਉ।







## ਆਪਣੇ ਨਮੂਨੇ

- ਹੇਠਾਂ ਦਿੱਤੀ ਗਈ ਜਗ੍ਹਾ ਵਿੱਚ ਆਪਣੇ ਨਮੂਨੇ ਆਪ ਬਣਾਉ।

ੳ)

ਅ)

ੲ)

ਸ)

- ਆਪਣੇ ਦੋਸਤਾਂ ਨੂੰ ਕਹੋ ਕਿ ਤੁਹਾਡੇ ਬਣਾਏ ਨਮੂਨੇ ਨੂੰ ਅੱਗੇ ਵਧਾਉਣ।

# ਸੰਖਿਆ ਨਮੂਨੇ

- ਅਸੀਂ ਚਿੱਤਰਾਂ ਨਾਲ ਕੁੱਝ ਨਮੂਨੇ ਬਣਾਏ। ਅਸੀਂ ਸੰਖਿਆਵਾਂ ਨਾਲ ਵੀ ਨਮੂਨੇ ਬਣਾ ਸਕਦੇ ਹੈ

  ਜਿਵੇਂ 21, 41, 61, 81, 101, ............

  ਅਗਲੀ ਸੰਖਿਆ ਤਾਂ ਤੁਹਾਨੂੰ ਪਤਾ ਹੈ ਨਾ?

  ਇਹ ਇੱਕ ਵੱਧਣ ਵਾਲਾ ਨਮੂਨਾ ਹੈ। ਇਹ ਅੱਗੇ ਤੋਂ ਅੱਗੇ ਵੱਧਦਾ ਜਾਵੇਗਾ।

  21, 41, 61, 81, 101, 121, 141, 161, .........

ੳ) ਨਿਯਮ ਲੱਭੋ ਅਤੇ ਇਹਨ੍ਹਾਂ ਵੱਧਦੇ ਨਮੂਨਿਆਂ ਨੂੰ ਅੱਗੇ ਵਧਾਉ:

1) 51, 56, 61, 66, _____, _____ ..........

2) 7, _____, 21, 28, 35, _____, _____ ..........

3) 2, 4, 8, 16, 32, _____, _____, _____

4) 12A, 13B, 14C, _____, _____.

ਅ) ਇੱਥੇ ਵੱਧਦੇ ਹੋਏ ਨਮੂਨਿਆਂ ਨੂੰ ਦੇਖੋ। ਪਤਾ ਲਗਾਉ ਕਿ ਅਗਲੀ ਸੰਖਿਆ ਨੂੰ ਪ੍ਰਾਪਤ ਕਰਨ ਲਈ ਹਰ ਸੰਖਿਆ ਵਿੱਚ ਕਿੰਨਾ ਜੋੜਨਾ ਪਵੇਗਾ:

1) 1, 3, 6, 10, _____, _____, _____, _____, _____

2) 0, 2, 6, 12, _____, _____, _____, _____, _____


3) 1, 3, 7, 13, _____, _____, _____, _____, _____

4) 2, 3, 6, 11, 18, _____, _____, _____, _____, _____

ਇਹ ਅਧਿਆਇ ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਦੇ ਨਮੂਨੇ ਲੱਭਣ ਅਤੇ ਉਹਨਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਉਹਨਾਂ ਵਿੱਚ ਦੁਹਰਾਓ ਵਾਲੇ ਜਾਂ ਵਧਦੇ ਹੋਏ ਨਮੂਨਿਆਂ ਦੇ ਹੋਰ ਵੀ ਉਦਾਹਰਨ ਦਿੱਤੇ ਜਾ ਸਕਦੇ ਹਨ। ਉਹਨਾਂ ਨੇ ਮੋਟਿਫ (motif) ਜਾਂ ਇਕਾਈਆਂ ਦੀ ਪਛਾਣ ਕਰਨੀ ਹੈ ਜਿਨ੍ਹਾਂ ਤੋਂ ਇਹ ਨਮੂਨੇ ਬਣੇ ਹਨ। ਗੁਪਤ ਸੰਦੇਸ਼ ਜਾਂ ਕੋਡ ਬਣਾਉਣਾ ਵੀ ਨਮੂਨੇ ਦੀ ਪਹਿਚਾਣ ਬਣਾਉਣ ਵਿੱਚ ਸਹਾਇਤਾ ਕਰਦਾ ਹੈ। ਜਿਵੇਂ ਜਿਵੇਂ ਬੱਚਿਆਂ ਬੀਜਗਣਿਤ ਦੀ ਸਮਝ ਵਿਕਸਿਤ ਹੁੰਦੀ ਹੈ ਉਹਨਾਂ ਨੂੰ ਅਹਿਸਾਸ ਹੁੰਦਾ ਹੈ ਕਿ **ਲੜਕਾ ਲੜਕਾ ਲੜਕੀ** ਨਿਯਮ ਤੋਂ ਬਣਾਉਣ ਵਾਲਾ ਨਮੂਨਾ **A A B** ਜਾਂ ↑↑↓ ਵੱਖ ਨਹੀਂ ਹੈ। ਕੁੱਝ ਰੋਚਕ ਅਤੇ ਮਹੱਤਵਪੂਰਨ ਸੰਖਿਆ ਨਮੂਨੇ ਦਿੱਤੇ ਗਏ ਹਨ, ਜਿਹਨਾਂ ਦਾ ਸੰਬੰਧ ਗਣਿਤਿਕ Operations ਨਾਲ ਹੈ।

# ਸੁਨੇਹਿਆਂ ਦੀ ਲੁਕਣ ਮੀਟੀ

ਅੰਮ੍ਰਿਤਾ ਅਤੇ ਪਰਿਤੋਸ਼ ਇੱਕ ਦੂਸਰੇ ਨੂੰ ਲੁਕੇ ਹੋਏ ਸੰਦੇਸ਼ ਲਿਖ ਰਹੇ ਹਨ।




ਕੀ ਤੁਸੀਂ ਦੱਸ ਸਕਦੇ ਹੋ ਕਿ ਉਹ ਕੀ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ?

ਹੇਠਾਂ ਦੋ ਹੋਰ ਲੁਕੇ ਹੋਏ ਸੰਦੇਸ਼ ਹਨ। ਪੈਟਰਨ ਨੂੰ ਦੇਖੋ ਅਤੇ ਉਹਨਾਂ ਵਿੱਚ ਲੁਕੇ ਹੋਏ ਸੰਦੇਸ਼ਾਂ ਦਾ ਪਤਾ ਲਗਾਉ।

1 ਮੈ 2 ਨੂੰ 3 ਤੇ 4 ਰੇ 5 ਨਾ 6 ਲ 7 ਪਿ8 ਆ 9 ਰ 10 ਹੈ

ੳਇਅਹ ਏਕਿਸਤਾਹਬ ਕਮਖਜ਼ੇਗਦਾਘਰ ਵਹੈ

ਹੁਣ ਤੁਸੀਂ ਵੀ ਆਪਣੇ ਲੁਕੇ ਹੋਏ ਸੰਦੇਸ਼ ਲਿਖੋ।

______________________________

______________________________

______________________________

## ਜਿਸਤ ਅਤੇ ਟਾਂਕ ਸੰਖਿਆਵਾਂ ਦੇ ਨਮੂਨੇ

| | | | | | | | | | |
|---|---|---|---|---|---|---|---|---|---|
| 91 | 92 | 93 | 94 | 95 | 96 | 97 | 98 | 99 | 100 |
| 81 | 82 | 83 | 84 | 85 | 86 | 87 | 88 | 89 | 90 |
| 71 | 72 | 73 | 74 | 75 | 76 | 77 | 78 | 79 | 80 |
| 61 | 62 | 63 | 64 | 65 | 66 | 67 | 68 | 69 | 70 |
| 51 | 52 | 53 | 54 | 55 | 56 | 57 | 58 | 59 | 60 |
| 41 | 42 | 43 | 44 | 45 | 46 | 47 | 48 | 49 | 50 |
| 31 | 32 | 33 | 34 | 35 | 36 | 37 | 38 | 39 | 40 |
| 21 | 22 | 23 | 24 | 25 | 26 | 27 | 28 | 29 | 30 |
| 11 | 12 | 13 | 14 | 15 | 16 | 17 | 18 | 19 | 20 |
| 1 | 2 | 3 | 4 | 5 | 6 | 7 | 8 | 9 | 10 |

ਇਹਨ੍ਹਾਂ ਸੰਖਿਆਵਾਂ ਵਿੱਚ ਅੱਧੀ ਸੰਖਿਆਵਾਂ ਪੀਲੇ ਰੰਗ ਵਾਲੇ ਖਾਨਿਆਂ ਵਿੱਚ ਹਨ। ਇਹਨ੍ਹਾਂ ਸੰਖਿਆਵਾਂ ਵਿੱਚ ਤੁਹਾਨੂੰ ਕਿਸ ਤਰ੍ਹਾਂ ਦਾ ਨਮੂਨਾ ਦਿਖ ਰਿਹਾ ਹੈ। ਇਸ ਨਮੂਨੇ ਨੂੰ ਅੱਗੇ ਵਧਾਉ ਅਤੇ ਖਾਲੀ ਥਾਵਾਂ ਭਰੋ:

96, 98, _____, 102, _____, _____, _____, _____, _____

ਇਸ ਨਮੂਨੇ ਨੂੰ ਕਿੱਥੋਂ ਤੱਕ ਅੱਗੇ ਵਧਾ ਸਕਦੇ ਹੋ?

ਇਹਨ੍ਹਾਂ ਸੰਖਿਆਵਾਂ ਦਾ ਇੱਕ ਖਾਸ ਨਾਂ ਹੈ। ਇਹਨਾਂ ਨੂੰ **ਜਿਸਤ ਸੰਖਿਆ** ਕਹਿੰਦੇ ਹਨ।

ਕੀ ਇਹਨਾਂ ਸੰਖਿਆ ਵਿੱਚ ਕੋਈ ਇਸ ਤਰ੍ਹਾਂ ਦੀ ਸੰਖਿਆ ਹੈ ਜੋ 3 ਜਾਂ 5 ਨਾਲ ਖਤਮ ਹੁੰਦੀਆਂ ਹਨ?

ਜਿਸਤ ਸੰਖਿਆ ਦੇ ਆਖਰੀ ਅੰਕ ਕੀ-ਕੀ ਹੁੰਦੇ ਹਨ?

ਨੀਲੇ ਰੰਗ ਦੀ ਸੰਖਿਆਵਾਂ ਦੇ ਨਮੂਨੇ ਦੇਖੋ ਅਤੇ ਖਾਲੀ ਥਾਵਾਂ ਭਰੋ।

99, 101, _____, 105, 107, _____, _____, _____

ਨੀਲੇ ਰੰਗ ਦੀਆਂ ਸੰਖਿਆਵਾਂ ਦੇ ਆਖਰੀ ਅੰਕ ਕੀ-ਕੀ ਹਨ?

ਉਹ ਸਾਰੀਆਂ ਸੰਖਿਆਵਾਂ ਜਿਹਨਾਂ ਦਾ ਆਖਰੀ ਅੰਕ 1, 3, 5, 7 ਜਾਂ 9 ਹੋਵੇ ਤਾਂ ਉਹ ਟਾਂਕ ਸੰਖਿਆਵਾਂ ਹੁੰਦੀਆਂ ਹਨ।

400 ਅਤੇ 410 ਦੇ ਵਿੱਚ ਦੀਆਂ ਸਾਰੀਆਂ ਟਾਂਕ ਸੰਖਿਆਵਾਂ ਲਿਖੋ।

________________________________________

155 ਅਤੇ 165 ਦੇ ਵਿੱਚ ਦੀਆਂ ਸਾਰੀਆਂ ਜਿਸਤ ਸੰਖਿਆਵਾਂ ਲਿਖੋ।

________________________________________

ਜੇ ਅਸੀਂ ਕਿਸੇ ਵੀ ਟਾਂਕ ਸੰਖਿਆ ਵਿੱਚ 1 ਜੋੜਦੇ ਹਾਂ ਤਾਂ ਸਾਨੂੰ ਇੱਕ ________ (ਜਿਸਤ/ਟਾਂਕ) ਸੰਖਿਆ ਮਿਲਦੀ ਹੈ।

ਜੇ ਅਸੀਂ ਕਿਸੇ ਵੀ ਜਿਸਤ ਸੰਖਿਆ ਵਿੱਚ 1 ਜੋੜਦੇ ਹਾਂ ਤਾਂ ਸਾਨੂੰ ਇੱਕ ________ (ਜਿਸਤ/ਟਾਂਕ) ਸੰਖਿਆ ਮਿਲਦੀ ਹੈ।

ਕਿਸੇ ਟਾਂਕ ਸੰਖਿਆ ਵਿੱਚ ਜਦੋਂ ਤੁਸੀਂ ਕੋਈ ਜਿਸਤ ਸੰਖਿਆ ਜੋੜੋਗੇ ਤਾਂ ਤੁਹਾਨੂੰ ਕੀ ਮਿਲੇਗਾ?

## ਨਾਵਾਂ ਦੀ ਇੱਕ ਲੜੀ

ਆਦਿਲ ਨੇ ਹੇਠਾਂ ਦਿੱਤੀ ਗਈ ਸੂਚੀ ਇਸ ਤਰ੍ਹਾਂ ਬਣਾਉਣੀ ਹੈ ਕਿ ਉਹ ਨਾਂ ਸਭ ਤੋਂ ਪਹਿਲਾਂ ਆਵੇ। ਜੋ ੳ ਤੋਂ ਸ਼ੁਰੂ ਹੁੰਦਾ ਹੈ ਫਿਰ ਅ, ੲ ਆਦਿ, ਉਸਦੇ ਬਾਅਦ ਕ, ਖ, ਗ, ਆਦਿ। ਜੋ ਨਾਂ ਸਭ ਤੋਂ ਪਹਿਲਾਂ ਆਏਗਾ ਉਸਦੇ ਸਾਹਮਣੇ 1 ਲਿਖੋ। ਇਹ ਲੜੀ ਵਿੱਚ ਸਾਰਿਆਂ ਦਾ ਨੰਬਰ ਲਿਖੋ।

| | | | | | | | | | |
|---|---|---|---|---|---|---|---|---|---|
| ਸ਼ਾਰਦਾ | | ਮਹਾਦੇਵਨ | | ਤਸੇਰਿੰਗ | | ਆਦਿਲ | | | |
| ਗੁਰਿੰਦਰ | | ਬਾਈਚੁੰਗ | | ਹਰਸ਼ਾ | | ਰਾਜਾ | | | |
| ਨਰਾਇਣ | | ਕਵਿਤਾ | | ਵਰਸ਼ਾ | | ਏਲਵਿਸ | | ਜਲਜ | |

ਜਲਜ ਨੂੰ ਆਪਣੇ ਖ਼ਾਸ ਨਾਂ 'ਤੇ ਮਾਣ ਹੈ। ਉਹ ਕਹਿੰਦਾ ਹੈ ਕਿ ਜੇ ਉਸਨੂੰ ਪੁੱਠਾ ਪੜ੍ਹਿਆ ਜਾਵੇ ਤਾਂ ਇਹ ਉਸ ਤਰ੍ਹਾਂ ਦਾ ਹੀ ਰਹੇਗਾ।

ਹੇਠਾਂ ਦਿੱਤੇ ਗਏ ਨਾਵਾਂ ਵਿੱਚ ਇਸ ਤਰ੍ਹਾਂ ਦਾ ਨਮੂਨਾ ਹੈ ? ✓ ਦਾ ਨਿਸ਼ਾਨ ਲਗਾਉ।

ਹਰਸ਼ ਅੱਨਾ ਕਨਕ ਮੁੰਨਾ, ਓਗੰਬੀ

# 11 *ਜੱਗ ਅਤੇ ਮੱਗ




## ਬੰਨੀ ਦੇ ਪਰਿਵਾਰ ਵਿੱਚ ਵਿਆਹ



ਬੰਨੀ ਦੇ ਪਰਿਵਾਰ ਵਿੱਚ ਵਿਆਹ ਹੋ ਰਿਹਾ ਸੀ।ਇਹ ਖਰਗੋਸ਼ਾਂ ਦਾ ਇੱਕ ਪਰਿਵਾਰ ਸੀ। ਹਿਰਨਾਂ, ਬੰਦਰਾਂ, ਹਾਥੀਆਂ, ਬਿੱਲੀਆਂ, ਚੂਹੇ, ਕੁੱਤੇ, ਲੂੰਬੜੀਆਂ, ਊਠਾਂ, ਨਿਓਲੇ ਵਰਗੇ ਕਈ ਪ੍ਰਾਹੁਣੇ ਬੁਲਾਏ ਗਏ। ਸਾਰਿਆਂ ਨੂੰ ਇੱਕ ਸਪੈਸ਼ਲ ਡ੍ਰਿੰਕਸ ਪਿਲਾਇਆ ਜਾ ਰਿਹਾ ਸੀ।ਸਭ ਦੇ ਲਈ ਇੱਕ-ਇੱਕ ਗਿਲਾਸ। ਸਾਰਿਆਂ ਨੂੰ ਲੱਗ ਰਿਹਾ ਸੀ ਕਿ ਸ਼ਰਬਤ ਬਹੁਤ ਸਵਾਦ ਹੈ ਪਰ ਕੁੱਝ ਛੋਟੇ ਪ੍ਰਾਹੁਣੇ ਜਿਵੇਂ_____ ਕੋਲੋਂ ਇੱਕ ਪੂਰਾ ਗਿਲਾਸ ਵੀ ਖਤਮ ਨਹੀਂ ਹੋਇਆ। ਪਰ ______ ਨੇ ਆਪਣਾ ਪੂਰਾ ਗਿਲਾਸ ਖ਼ਤਮ ਕਰ ਲਿਆ।



ਕੁੱਝ ਅਜਿਹੇ ਵੀ ਸਨ ਜਿਨ੍ਹਾਂ ਨੇ ਇੱਕ ਤੋਂ ਜ਼ਿਆਦਾ ਗਿਲਾਸ ਮੰਗਿਆ ਜਿਵੇਂ __________, __________, __________,

ਮੁਸੀਬਤ ਹੁਣ ਸ਼ੁਰੂ ਹੋਈ!!!

ਉੱਥੇ ਕੁਝ ਵੱਡੇ ਪ੍ਰਾਹੁਣੇ ਵੀ ਸਨ ਜਿਹੜੇ ਗਿਲਾਸ-ਤੇ-ਗਿਲਾਸ ਪੀਂਦੇ ਜਾ ਰਹੇ ਸਨ।

ਬੰਨੀ ਅੰਦਾਜ਼ਾ ਲਗਾਉਣਾ ਚਾਹੁੰਦਾ ਹੈ ਕਿ ਕਿਸਨੇ ਕਿੰਨੇ ਗਿਲਾਸ ਪੀਤੇ!

ਸਾਰਣੀ ਭਰਨ ਵਿੱਚ ਉਸਦੀ ਮਦਦ ਕਰੋ। ਮਜ਼ਾ ਆਏਗਾ!



| ਕਿਸਨੇ ਕਿੰਨਾ ਪੀਤਾ | ਪ੍ਰਾਹੁਣਿਆਂ ਦੇ ਨਾਂ |
|---|---|
| 1 ਤੋਂ ਘੱਟ ਗਿਲਾਸ | __________, __________ |
| 1 ਤੋਂ 5 ਗਿਲਾਸ ਦੇ ਵਿੱਚ | __________, __________ |
| 5 ਤੋਂ 10 ਗਿਲਾਸ ਦੇ ਵਿੱਚ | __________, __________ |
| 10 ਗਿਲਾਸ ਤੋਂ ਜ਼ਿਆਦਾ | __________, __________ |

## ਪਾਣੀ ਅੰਦਰ, ਪਾਣੀ ਬਾਹਰ?

ਕੀ ਤੁਸੀਂ ਕਦੇ ਲੱਡੂ ਦੀ ਤਰ੍ਹਾਂ ਸੋਚਦੇ ਹੋ?

ਇੱਕ ਦਿਨ ਵਿੱਚ ਤੁਸੀਂ ਕਿੰਨਾ ਪਾਣੀ ਪੀ ਜਾਂਦੇ ਹੋ?




ਗਰਮੀਆਂ ਦੇ ਦਿਨਾਂ ਵਿੱਚ ______ ਗਿਲਾਸ

ਸਰਦੀਆਂ ਦੇ ਦਿਨਾਂ ਵਿੱਚ ______ ਗਿਲਾਸ

ਕੀ ਤੁਸੀਂ ਦੱਸ ਸਕਦੇ ਹੋ ਕਿ ਤੁਹਾਡੇ ਸਰੀਰ ਵਿੱਚੋਂ ਇੱਕ ਦਿਨ ਵਿੱਚ ਕਿੰਨਾ ਪਾਣੀ ਨਿਕਲਦਾ ਹੈ?



## ਬਾਲਟੀਆਂ ਅਤੇ ਬੋਤਲਾਂ



1 ਲਿਟਰ ਦੀ ਇੱਕ ਬੋਤਲ ਲਊ (ਇਹ ਪਾਣੀ ਜਾਂ ਤੇਲ ਦੀ ਖਾਲੀ ਬੋਤਲ ਹੋ ਸਕਦੀ ਹੈ।) ਹੁਣ ਆਪਣੇ ਘਰ ਤੋਂ ਕੁੱਝ ਹੋਰ ਖਾਲੀ ਬੋਤਲਾਂ, ਮੱਗ, ਜੱਗ, ਗਿਲਾਸ, ਕੌਲੀ, ਪਤੀਲਾ ਇਹ ਸਾਰੇ ਇੱਕਠੇ ਕਰੋ।ਦੇਖੋ ਕਿ ਇਨ੍ਹਾਂ ਵਿੱਚੋਂ ਕਿਸ ਵਿੱਚ 1 ਲਿਟਰ ਤੋਂ ਜ਼ਿਆਦਾ ਪਾਣੀ ਆਉਂਦਾ ਹੈ ਅਤੇ ਕਿਸ ਵਿੱਚ 1 ਲਿਟਰ ਤੋਂ ਘੱਟ ਪਾਣੀ ਆਉਂਦਾ ਹੈ। ਜੇ ਤੁਸੀਂ ਚਾਹੁੰਦੇ ਤਾਂ ਇੱਕ ਛੋਟਾ ਚਿੱਤਰ ਬਣਾ ਸਕਦੇ ਹੋ।

| *ਲਿਟਰ ਤੋਂ ਘੱਟ* | *ਲਿਟਰ ਤੋਂ ਜ਼ਿਆਦਾ* |
|---|---|
| *ਕੌਲੀ* | *ਪਤੀਲਾ* |
| | |
| | |
| | |
| | |



- ਹੁਣ ਆਪਣੇ ਘਰ ਦੀਆਂ ਬਾਲਟੀਆਂ ਵੇਖੋ।
- ਅੰਦਾਜ਼ਾ ਲਗਾਉ ਕਿ ਉਸ ਵਿੱਚ ਕਿੰਨੇ ਲਿਟਰ ਪਾਣੀ ਆ ਸਕਦਾ ਹੈ ।
- 1 ਲਿਟਰ ਵਾਲੀ ਬੋਤਲ ਦੀ ਸਹਾਇਤਾ ਨਾਲ ਇਹ ਵੇਖੋ ਕਿ ਸਾਰੀਆਂ ਬਾਲਟੀਆਂ ਦੇ ਲਈ ਤੁਹਾਡਾ ਅੰਦਾਜ਼ਾ ਸਹੀ ਹੈ।

| ਬਾਲਟੀ | ਮੇਰਾ ਅੰਦਾਜ਼ਾ | ਮੇਰਾ ਮਾਪ |
|---|---|---|
| ਬਾਲਟੀ 1 | | |
| ਬਾਲਟੀ 2 | | |
| ਬਾਲਟੀ 3 | | |

## ਸਹੀ ਜੋੜੇ ਬਣਾਉ





(ਦੁੱਧ ਮਾਪਣ ਦਾ ਪੈਮਾਨਾ)

ਲਗਭਗ 12 ਲਿਟਰ


(ਪਾਣੀ ਦੀ ਟੈਂਕੀ)


½ ਲਿਟਰ ਤੋਂ ਘੱਟ


(ਬਾਲਟੀ)

ਲਗਭਗ 5 ਲਿਟਰ


(ਅੱਖਾਂ ਦੀ ਦਵਾਈ ਦੀ ਸ਼ੀਸ਼ੀ)

1000 ਲਿਟਰ


(ਪਾਣੀ ਦੀ ਸੁਰਾਹੀ)

½ ਲਿਟਰ

**ਕਿਸਦੇ ਜੱਗ ਵਿੱਚ ਜ਼ਿਆਦਾ ਹੈ?**

ਨਈਮਾ ਅਤੇ ਜੀਤੂ ਕੀ ਕਰ ਰਹੇ ਹਨ?

ਜੇ ਨਈਮਾ ਆਪਣੇ ਜੱਗ ਵਿੱਚ ਇੱਕ ਗਿਲਾਸ ਪਾਣੀ ਪਾਉਂਦੀ ਹੈ ਤਾਂ ਕੁੱਝ ਇਸ ਤਰ੍ਹਾਂ ਦਿਖਾਈ ਦਿੰਦਾ ਹੈ:



ਨਈਮਾ ਨੂੰ ਲੱਗਾ ਕਿ ਉਸਨੂੰ ਜੱਗ ਭਰਨ ਲਈ ਜੱਗ ਵਿੱਚ ਲਗਭਗ 3 ਗਿਲਾਸ ਪਾਣੀ ਪਾਉਣਾ ਪਵੇਗਾ। ਤੁਹਾਨੂੰ ਕੀ ਲੱਗਦਾ ਹੈ? ______________

ਜੇ ਜੀਤੂ ਆਪਣੇ ਜੱਗ ਵਿੱਚ ਇੱਕ ਗਿਲਾਸ ਪਾਉਂਦਾ ਹੈ ਤਾਂ ਉਹ ਕੁੱਝ ਇਸ ਤਰ੍ਹਾਂ ਦਿਖਾਈ ਦਿੰਦਾ ਹੈ:



- ਦੱਸੋ ਕਿਸਦੇ ਜੱਗ ਵਿੱਚ ਜ਼ਿਆਦਾ ਪਾਣੀ ਆਵੇਗਾ? ______________
- ਤੁਹਾਨੂੰ ਕੀ ਲੱਗਦਾ ਹੈ ਕਿ ਜੀਤੂ ਨੂੰ ਆਪਣਾ ਜੱਗ ਭਰਨ ਲਈ ਉਸਦੇ ਵਿੱਚ ਕਿੰਨੇ ਗਿਲਾਸ ਪਾਣੀ ਪਾਉਣਾ ਪਵੇਗਾ? ______________
- ਜੇ ਜੀਤੂ ਇੱਕ ਗਿਲਾਸ ਪਾਣੀ ਹੋਰ ਪਾਉਂਦਾ ਹੈ ਤਾਂ ਜੱਗ ਲਗਭਗ ______________ ਭਰ ਜਾਵੇਗਾ।

## ਘੜੇ ਭਰਨਾ


ਨਸੀਮ ਅਤੇ ਅਬਦੁੱਲ ਨੇ ਆਪਣੇ-ਆਪਣੇ ਘੜੇ ਪਾਣੀ ਨਾਲ ਭਰਨੇ ਹਨ। ਦੋਨੋਂ ਘੜੇ ਇੱਕ ਜਿਹੇ ਵੱਡੇ ਅਤੇ ਭਾਰੇ ਹਨ। ਉਹਨਾਂ ਨੇ ਆਪਣੀ ਬੋਤਲ ਭਰੀ, ਫਿਰ ਉਸਨੂੰ ਲਿਜਾ ਕੇ ਘੜੇ ਵਿੱਚ ਪਾਇਆ।ਇਸ ਲਈ ਉਹਨਾਂ ਨੂੰ ਵਾਰ-ਵਾਰ ਟੂਟੀ ਕੋਲ ਜਾਣਾ ਪਿਆ।



ਨਸੀਮ ਟੂਟੀ ਤੋਂ 16 ਵਾਰ ਬੋਤਲ ਭਰ ਕੇ ਲਿਆਈ ਜਦ ਕਿ ਅਬਦੁੱਲ ਨੂੰ ਆਪਣੀ ਬੋਤਲ ਸਿਰਫ਼ 8 ਵਾਰ ਹੀ ਭਰਨੀ ਪਈ।

- ਨਸੀਮ ਨੂੰ ਅਬਦੁੱਲ ਤੋਂ ਜ਼ਿਆਦਾ ਵਾਰ ਕਿਉਂ ਜਾਣਾ ਪਿਆ?
- ਅਬਦੁੱਲ ਦੀ ਬੋਤਲ ਤੋਂ ਨਸੀਮ ਦੀ ਬੋਤਲ ਵਿੱਚ ________ (ਦੁੱਗਣਾ/ਅੱਧਾ/ਤਿੰਨ ਗੁਣਾ) ਪਾਣੀ ਆ ਸਕਦਾ ਹੈ।

## ਕਿੰਨੇ ਗਿਲਾਸ?




ਘੜੇ 2 ਵਿੱਚ ਪੂਰੇ 11 ਗਿਲਾਸ ਪਾਣੀ ਆਉਂਦਾ ਹੈ। ਘੜੇ 1 ਵਿੱਚ ਘੜੇ 2 ਤੋਂ ਦੁੱਗਣਾ ਪਾਣੀ ਆਉਂਦਾ ਹੈ। ਘੜਾ 1 ਨੂੰ ਭਰਨ ਲਈ ਕਿੰਨੇ ਗਿਲਾਸ ਪਾਣੀ ਚਾਹੀਦਾ ਹੈ? ________

ਬੱਚਿਆਂ ਦੇ ਲਈ ਇਹ ਜਰੂਰੀ ਹੈ ਕਿ ਪਾਣੀ, ਦੁੱਧ ਆਦਿ ਨੂੰ ਮਾਪਣ ਅਤੇ ਵੱਖ-ਵੱਖ ਤਰ੍ਹਾਂ ਦੇ ਭਾਂਡਿਆਂ , ਬੋਤਲਾਂ ਆਦਿ ਦੇ ਆਕਾਰ ਦੀ ਤੁਲਨਾ ਕਰਨ ਦੇ ਅਨੁਭਵ ਨੂੰ ਦੱਸਣ ।ਉਹਨਾਂ ਨੂੰ ਇਸਦਾ ਮੌਕਾ ਮਿਲਣਾ ਚਾਹੀਦਾ ਹੈ ਕਿ ਉਹ 'ਗਿਲਾਸ ਜਿੰਨਾ', 'ਬਾਲਟੀ ਜਿੰਨਾ' ਵਰਗੇ ਸ਼ਬਦਾਂ ਦੀ ਵਰਤੋਂ ਕਰ ਸਕਣ।ਨਾਲ ਹੀ ਇਸਦੀ ਵੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਪਾਣੀ ਦੀ ਮਾਤਰਾ ਦੇ ਸੰਦਰਭ ਵਿੱਚ 'ਅੱਧਾ', 'ਦੁੱਗਣਾ', 'ਚਾਰ ਗੁਣਾ', ਸ਼ਬਦਾਂ ਨਾਲ ਜਾਣੂੰ ਹੋਣ ਅਤੇ ਉਹਨਾਂ ਨੂੰ ਇੱਕ ਲਿਟਰ ਲਗਭਗ ਕਿੰਨਾ ਹੁੰਦਾ ਹੈ ਇਸਦਾ ਅਹਿਸਾਸ ਹੋਵੇ।


## ਟੋਏ ਭਰਨਾ

ਇਹ ਕੋਹਿਮਾ ਦੇ ਕੋਲ ਦਾ ਇੱਕ ਸ਼ਹਿਰ ਹੈ। ਇੱਥੇ ਸੜਕ 'ਤੇ ਕੁੱਝ ਟੋਏ ਸਨ। ਮੀਂਹ ਆਉਣ ਤੋਂ ਪਹਿਲਾਂ ਬੱਚੇ ਛੋਟੇ-ਛੋਟੇ ਪੱਥਰਾਂ ਨਾਲ ਉਹਨਾਂ ਟੋਇਆਂ ਨੂੰ ਭਰ ਦੇਣਾ ਚਾਹੁੰਦੇ ਸਨ। ਉਹ ਸਾਰੇ ਇੱਕੋ ਜਿਹੇ ਮੱਗਾਂ ਵਿੱਚ ਰੋੜੇ ਅਤੇ ਪੱਥਰ ਭਰ ਕੇ ਲੈ ਆਏ।

ਟੋਏ 'ੳ' ਨੂੰ ਭਰਨ ਵਿੱਚ 9 ਮੱਗ ਪੱਥਰ ਲੱਗੇ।।

ਟੋਏ 'ਅ' ਨੂੰ ਭਰਨ ਵਿੱਚ 18 ਮੱਗ ਪੱਥਰ ਲੱਗੇ।


ਟੋਏ 'ੲ' ਨੂੰ ਭਰਨ ਵਿੱਚ 12 ਮੱਗ ਪੱਥਰ ਲੱਗੇ।




- ਚਿੱਤਰ ਵਿੱਚ ਸਹੀ ਟੋਇਆਂ 'ਤੇ 'ੳ', 'ਅ', 'ੲ' ਲਿਖੋ।।
- ਸਾਰਿਆਂ ਤੋਂ ਵੱਡਾ ਟੋਇਆ ਕਿਹੜਾ ਸੀ? ____________
- ਜੇ ਟੋਇਆਂ ਨੂੰ ਭਰਨ ਵਿੱਚ ਜੱਗ ਦੀ ਵਰਤੋਂ ਕੀਤੀ ਜਾਵੇ ਤਾਂ ਟੋਆ 'ੳ' 5 ਜੱਗ ਨਾਲ ਭਰੇਗਾ।ਟੋਆ 'ਅ' ਨੂੰ ਭਰਨ ਵਿੱਚ ਕਿੰਨੇ ਜੱਗ ਪੱਥਰ ਲੱਗਣਗੇ।?

# 12 ਕਿਸ ਤਰ੍ਹਾਂ ਵੰਡੀਏ ?

ਹਰ ਸਮੂਹ ਵਿੱਚ ਕਿੰਨੇ ਹਨ ?






- ਇੱਥੇ 10 ਤਿੱਤਲੀਆਂ ਹਨ।

  ਉਹ 2 ਸਮੂਹਾਂ ਵਿੱਚ ਵੰਡੀਆਂ ਹਨ।


  ਹਰ ਸਮੂਹ ਵਿੱਚ 5 ਤਿੱਤਲੀਆਂ ਹਨ।



◆ ਇੱਥੇ ________ ਰੇਸ਼ਮ ਦੇ ਕੀੜੇ ਹਨ।

ਉਹ ________ ਸਮੂਹਾਂ ਵਿੱਚ ਵੰਡੇ ਹੋਏ ਹਨ।

ਹਰ ਸਮੂਹ ਵਿੱਚ________ ਰੇਸ਼ਮ ਦੇ ਕੀੜੇ ਹਨ।



◆ ਇੱਥੇ ________ ਲੱਡੂ ਹਨ।

ਉਹ ________ ਸਮੂਹਾਂ ਵਿੱਚ ਵੰਡੇ ਹੋਏ ਹਨ।

ਹਰ ਸਮੂਹ ਵਿੱਚ ________ ਲੱਡੂ ਹਨ।

- 18 ਤਾਰੇ ਬਣਾਓ।


ਉਹਨਾਂ ਨੂੰ 2 ਬਰਾਬਰ ਸਮੂਹਾਂ ਵਿੱਚ ਵੰਡੋ।



ਹਰ ਸਮੂਹ ਵਿੱਚ ________ ਤਾਰੇ ਹਨ।


- 18 ਮੋਤੀ ਬਣਾਉ।


ਉਹਨਾਂ ਨੂੰ 3 ਬਰਾਬਰ ਸਮੂਹਾਂ ਵਿੱਚ ਵੰਡੋ।



ਹਰ ਸਮੂਹ ਵਿੱਚ ________ ਮੋਤੀ ਹਨ।

## ਦਾਣਿਆਂ ਨੂੰ ਵੰਡੋ






ਚਿੜੀਆਂ ਦੀ ਮਾਂ 12 ਦਾਣੇ ਲੈ ਕੇ ਆਈ।

ਉਹਨਾਂ ਨੂੰ ਬਰਾਬਰ-ਬਰਾਬਰ ਕਿਸ ਤਰ੍ਹਾਂ ਵੰਡਾਂਗੇ।

ਚਿੜੀਆਂ ਦੀ ਮਾਂ ਨੇ ਹਰ ਛੋਟੀ ਚਿੜੀ ਨੂੰ 1-1 ਦਾਣਾ ਦਿੱਤਾ। .



ਉਸ ਦੇ ਬਾਅਦ ਚਿੜੀਆਂ ਦੀ ਮਾਂ ਨੇ ਹਰ ਛੋਟੀ ਚਿੜੀ ਨੂੰ 1-1 ਦਾਣਾ ਹੋਰ ਦਿੱਤਾ।



ਹੁਣ ਹਰ ਛੋਟੀ ਚਿੜੀ ਦੇ ਕੋਲ 2 ਦਾਣੇ ਹਨ ਅਤੇ ਹੋਰ ਕਿੰਨੇ ਦਾਣੇ ਬਚੇ ਹਨ? ______

ਉਸ ਨੇ ਛੋਟੀ ਚਿੜੀ ਦੇ ਮੂੰਹ ਵਿੱਚ 1-1 ਹੋਰ ਦਾਣਾ ਪਾ ਦਿੱਤਾ।

ਸਾਰੇ ਦਾਣੇ ਖਤਮ ਹੋ ਗਏ।




12 ਦਾਣੇ 4 ਛੋਟੀ ਚਿੜੀਆਂ ਵਿੱਚ ਵੰਡ ਦਿੱਤੇ ਗਏ ਅਤੇ 12 ਨੂੰ 4 ਨਾਲ ਭਾਗ ਕਰ ਦਿੱਤਾ ਗਿਆ।
ਹਰ ਛੋਟੀ ਚਿੜੀ ਨੂੰ 3 ਦਾਣੇ ਮਿਲੇ।

$12 \div 4 = 3$

## ਹੁਣ ਜ਼ਰਾ ਇਹ ਕਰਕੇ ਵੇਖੋ .......


- ਗੱਪੂ ਦੇ ਕੋਲ 3 ਪਲੇਟ ਜਲੇਬੀਆਂ ਹਨ।

ਹਰ ਪਲੇਟ ਵਿੱਚ ਜਲੇਬੀਆਂ ਦੀ ਸੰਖਿਆ ਵੱਖ-ਵੱਖ ਹੈ।



ਪਲੇਟ ੳ ਪਲੇਟ ਅ ਪਲੇਟ ੲ

ਹੁਣ ਹੇਠਾਂ ਦਿੱਤੀ ਗਈਆਂ ਪਲੇਟਾਂ ਵਿੱਚ ਜਲੇਬੀਆਂ ਇਸ ਤਰ੍ਹਾਂ ਬਣਾਓ ਕਿ ਹਰ ਪਲੇਟ ਵਿੱਚ ਜਲੇਬੀਆਂ ਦੀ ਸੰਖਿਆ ਬਰਾਬਰ-ਬਰਾਬਰ ਹੋਵੇ।



ਪਲੇਟ ੳ ਪਲੇਟ ਅ ਪਲੇਟ ੲ

ਕੁੱਲ ਮਿਲਾ ਕੇ ਇੱਥੇ ਕਿੰਨੀਆਂ ਜਲੇਬੀਆਂ ਹਨ ? __________


ਹਰ ਪਲੇਟ ਵਿੱਚ ਕਿੰਨੀਆਂ ਜਲੇਬੀਆਂ ਹਨ ? __________

ਜਮਾਤ ਵਿੱਚ ਵਿਚਾਰ ਕਰੋ ਕਿ ਤੁਸੀਂ ਜਵਾਬ ਕਿਸ ਤਰ੍ਹਾਂ ਕੱਢਿਆ।

## ਬਰਾਬਰ-ਬਰਾਬਰ ਵੰਡੋ।

- ਇੱਥੇ ਛੇ ਕੇਲੇ ਹਨ।






ਇੱਥੇ ਤਿੰਨ ਬਾਂਦਰ ਹਨ।

ਜੇ ਉਹ ਕੇਲਿਆਂ ਨੂੰ ਆਪਸ ਵਿੱਚ ਬਰਾਬਰ-ਬਰਾਬਰ ਵੰਡਦੇ ਹਨ ਤਾਂ ਹਰ ਬਾਂਦਰ ਨੂੰ ਦੋ ਕੇਲੇ ਮਿਲਣਗੇ।


6 ਕੇਲਿਆਂ ਦੇ 3 ਬਰਾਬਰ ਹਿੱਸੇ =2 ਕੇਲੇ ਹਰੇਕ ਦੇ ਹਿੱਸੇ ਵਿੱਚ

$6 \div 3 = 2$



ਜੇ ਛੇ ਕੇਲੇ ਹੋਣ।





ਅਤੇ ਦੋ ਬਾਂਦਰ ਹੋਣ, ਤਦ

ਹਰ ਬਾਂਦਰ ਨੂੰ ਤਿੰਨ ਕੇਲੇ ਮਿਲਣਗੇ।

ਛੇ ਕੇਲੇ ÷ 2 = 3 ਕੇਲੇ ਹਰ ਹਿੱਸੇ ਵਿੱਚ

$6 \div 2 = 3$




ਬੱਚਿਆਂ ਨੂੰ ਚੀਜ਼ਾਂ ਨੂੰ ਆਪਸ ਵਿੱਚ ਬਰਾਬਰ-ਬਰਾਬਰ ਵੰਡਣ ਅਤੇ ਫਿਰ ਭਾਗ ਕਰਕੇ ਇਸ ਕਿਰਿਆ ਨੂੰ ਸ਼ਬਦਾਂ ਅਤੇ ਅੰਕਾਂ ਵਿੱਚ ਲਿਖਣ ਦੇ ਲਈ ਮੌਕਾ ਦਿਓ।

ਜੇ 60 ਕੇਲੇ ਹੋਣ ਅਤੇ ਦੋ ਬਾਂਦਰ , ਤਾਂ ਹਰ ਬਾਂਦਰ ਨੂੰ ਕਿੰਨੇ ਕੇਲੇ ਮਿਲਣਗੇ ?

__________ ਕੇਲੇ




- ਪੰਜ ਦੋਸਤਾਂ ਨੂੰ ਸੜਕ 'ਤੇ ਪੰਜ ਰਪਏ ਦੇ 10 ਸਿੱਕੇ ਮਿਲੇ।



ਉਹਨਾਂ ਨੇ ਇਹਨਾਂ ਸਿੱਕਿਆਂ ਨੂੰ ਬਰਾਬਰ-ਬਰਾਬਰ ਵੰਡ ਲਿਆ।

ਸਾਰੇ ਦੋਸਤਾਂ ਨੂੰ ਦਸ-ਦਸ ਰੁਪਏ ਮਿਲੇ ।


$50 \div 5 = 10$

ਜੇਕਰ ਦਸ ਰੁਪਏ ਦੇ 16 ਨੋਟ ਹੋਣ ਅਤੇ ਚਾਰ ਦੋਸਤਾਂ ਵਿੱਚ ਵੰਡਣਾ ਹੋਵੇ ਤਾਂ

$16 \div 4 =$ ______ ਅਤੇ $4 \times 10 = 40$

ਇਸ ਤਰ੍ਹਾਂ ਉਹਨਾਂ ਵਿੱਚੋਂ ਹਰ ਦੋਸਤ ਨੂੰ __________ ਰੁਪਏ ਮਿਲਣਗੇ।

ਪੰਜ ਦੋਸਤਾਂ ਨੂੰ 100 ਰੁਪਏ ਮਿਲੇ। ਜੇਕਰ ਉਹ ਇਸਨੂੰ ਬਰਾਬਰ-ਬਰਾਬਰ ਹਿੱਸਿਆਂ ਵਿੱਚ ਵੰਡਦੇ ਹਨ ਤਾਂ ਉਸ ਵਿੱਚੋਂ ਹਰੇਕ ਨੂੰ ਕਿੰਨਾ ਮਿਲੇਗਾ ?



__________

- ਹਰੀ ਪ੍ਰਸਾਦ ਦੇ ਕੋਲ 30 ਮੀਟਰ ਲੰਬੀ ਰੱਸੀ ਹੈ।



ਉਹ ਇਸ ਨੂੰ ਆਪਣੇ ਤਿੰਨ ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡਣਾ ਚਾਹੁੰਦਾ ਹੈ।

ਹਰ ਬੱਚੇ ਨੂੰ __________ ਮੀਟਰ ਲੰਬੀ ਰੱਸੀ ਮਿਲੇਗੀ।

ਜੇਕਰ 36 ਮੀਟਰ ਲੰਬੀ ਰੱਸੀ ਹੋਵੇ ਤਾਂ ਹਰ ਬੱਚੇ ਨੂੰ ਕਿੰਨੀ ਰੱਸੀ ਮਿਲੇਗੀ ? __________

ਅਤੇ 60 ਮੀਟਰ ਲੰਬੀ ਰੱਸੀ ਹਵੇ ਤਾਂ ਹਰ ਬੱਚੇ ਨੂੰ ਕਿੰਨੀ ਰੱਸੀ ਮਿਲੇਗੀ ? __________

## ਅਲਮਾਰੀ ਦੇ ਕਿੰਨੇ ਖਾਨੇ ?

ਮੇਰੇ ਕੋਲ 20 ਕਿਤਾਬਾਂ ਹਨ। ਮੈਂ ਅਲਮਾਰੀ ਦੇ ਇੱਕ ਖਾਨੇ ਵਿੱਚ 5 ਕਿਤਾਬਾਂ ਰੱਖ ਸਕਦਾ ਹਾਂ ਤਾਂ ਦੱਸੋ ਮੈਨੂੰ ਇਹਨਾਂ ਸਾਰੀਆਂ ਕਿਤਾਬਾਂ ਨੂੰ ਰੱਖਣ ਦੇ ਲਈ ਅਲਮਾਰੀ ਦੇ ਕਿੰਨੇ ਖਾਨਿਆਂ ਦੀ ਲੋੜ ਹੋਵੇਗੀ ?




ਪਹਿਲੇ ਖਾਨੇ ਵਿੱਚ ਪੰਜ ਕਿਤਾਬਾਂ ਨੂੰ ਰੱਖਣ ਦੇ ਬਾਅਦ 15 ਕਿਤਾਬਾਂ ਬਚ ਗਈਆਂ।



ਦੂਸਰੇ ਖਾਨੇ ਵਿੱਚ ਪੰਜ ਹੋਰ ਕਿਤਾਬਾਂ ਰੱਖੀਆਂ । 10 ਕਿਤਾਬਾਂ ਬਚ ਗਈਆਂ।



ਤੀਸਰੇ ਖਾਨੇ ਵਿੱਚ ਪੰਜ ਹੋਰ ਕਿਤਾਬਾਂ ਰੱਖੀਆਂ। 5 ਕਿਤਾਬਾਂ ਬਚ ਗਈਆਂ।



ਚੌਥੇ ਖਾਨੇ ਵਿੱਚ 5 ਹੋਰ ਕਿਤਾਬਾਂ ਰੱਖਣ ਦੇ ਬਾਅਦ


20 ਕਿਤਾਬਾਂ ਨਾਲ ਅਲਮਾਰੀ ਦੇ 4 ਖਾਨੇ ਭਰ ਗਏ।

5-5 ਕਿਤਾਬਾਂ ਦੇ ਸਮੂਹ ਬਣਾਉਣ ਨਾਲ 20 ਕਿਤਾਬਾਂ 4 ਖਾਨਿਆਂ ਵਿੱਚ ਆ ਗਈਆਂ।

ਇਸ ਪੰਨੇ 'ਤੇ ਅਤੇ ਅਗਲੇ ਪੰਨੇ ਉੱਤੇ ਬਰਾਬਰ-ਬਰਾਬਰ ਸਮੂਹ ਬਣਾ ਕੇ ਭਾਗ ਕੀਤਾ ਗਿਆ ਹੈ। ਉਦਾਹਰਨ ਦੇ ਲਈ ਇੱਥੇ 5 ਕਿਤਾਬਾਂ ਦੇ ਖਾਨੇ ਵਿੱਚ ਪੰਜ ਕਿਤਾਬਾਂ ਦੇ ਬਰਾਬਰ ਸਮੂਹ ਬਣਾਏ ਗਏ ਹਨ। ਇਹ ਕਿਰਿਆ ਬਰਾਬਰ-ਬਰਾਬਰ ਵੰਡਣ ਨਾਲ ਵੱਖਰੀ ਹੈ। (4 ਖਾਨਿਆਂ ਵਿੱਚ ਵੰਡਣ ਕਰਕੇ)।

◆ ਹੁਣ ਚਲੋ ਕੁੱਝ ਹੋਰ ਕੰਮ ਕਰਦੇ ਹਾਂ।

ਇੱਥੇ 28 ਬਟਨ ਹਨ।



ਇੱਕ ਦਰਜ਼ੀ ਇੱਕ ਕਮੀਜ਼ 'ਤੇ 4 ਬਟਨ ਲਗਾਉਂਦਾ ਹੈ।

ਇਹਨਾਂ 7 ਕਮੀਜ਼ਾਂ 'ਤੇ ਬਟਨ ਲੱਗੇ ਹੋਏ ਹਨ।




$28 \div 4 = 7$


ਜੇਕਰ 28 ਬਟਨ ਹੋਣ ਤਾਂ ਦਰਜ਼ੀ ਹਰ ਕਮੀਜ਼ 'ਤੇ 7 ਬਟਨ ਲਗਾਵੇ, ਤਾਂ ________ ਕਮੀਜ਼ਾਂ 'ਤੇ ਬਟਨ ਲੱਗਣਗੇ।

$28 \div 7 =$ ________

**ਚਲੋ ਕੁੱਝ ਕੰਮ ਕਰੀਏ।**

1. ਮਿੰਕੂ ਦੇ ਕੋਲ 15 ਲੱਡੂ ਹਨ ਅਤੇ ਉਹ ਉਹਨਾਂ ਨੂੰ 5 ਡੱਬਿਆਂ ਵਿੱਚ ਬਰਾਬਰ-ਬਰਾਬਰ ਰੱਖਦੀ ਹੈ।





(ੳ) ਹਰ ਡੱਬੇ ਵਿੱਚ ਕਿੰਨੇ ਲੱਡੂ ਹੋਣਗੇ।

ਹਰ ਡੱਬੇ ਵਿੱਚ __________ ਲੱਡੂ ਹੋਣਗੇ।


15 ÷ 5 = ______


(ਅ) ਜੇਕਰ ਉਹ ਤਿੰਨ ਡੱਬਿਆਂ ਦੀ ਵਰਤੋਂ ਕਰਦੀ ਹੈ ਤਾਂ ਹਰ ਡੱਬੇ ਵਿੱਚ ਕਿੰਨੇ ਲੱਡੂ ਹੋਣਗੇ?

ਹਰ ਡੱਬੇ ਵਿੱਚ __________ ਲੱਡੂ ਹੋਣਗੇ।

______ ÷ 3 = ______

2. ਤੁਸੀਂ 25 ਕੇਲਿਆਂ ਨੂੰ 5 ਬਾਂਦਰਾਂ ਵਿੱਚ ਵੰਡਣਾ ਹੈ। ਹਰ ਬਾਂਦਰ ਨੂੰ ਕਿੰਨੇ ਕੇਲੇ ਦੇਵੋਗੇ?






______ ÷ 5 = ______

ਹਰ ਬਾਂਦਰ ਨੂੰ __________ ਕੇਲੇ ਮਿਲਣਗੇ।

3. ਤੁਸੀਂ 12 ਗੁਬਾਰਿਆਂ ਨੂੰ 3 ਲੜਕਿਆਂ ਵਿੱਚ ਵੰਡਣਾ ਹੈ। ਹਰ ਲੜਕੇ ਨੂੰ ਕਿੰਨੇ ਗੁਬਾਰੇ ਮਿਲਣਗੇ ?






_____ ÷ _____ = _____

ਹਰ ਲੜਕੇ ਨੂੰ __________ ਗੁਬਾਰੇ ਮਿਲਣਗੇ।


4. ਇੱਥੇ 21 ਮੋਮਬੱਤੀਆਂ ਹਨ। ਉਹਨਾਂ ਨੂੰ ਤਿੰਨ ਬਕਸਿਆਂ ਵਿੱਚ ਬਰਾਬਰ-ਬਰਾਬਰ ਰੱਖਣਾ ਹੈ। ਹਰ ਬਕਸੇ ਵਿੱਚ ਕਿੰਨੀਆਂ ਮੋਮਬੱਤੀਆਂ ਹੋਣਗੀਆਂ ?



_____ ÷ _____ = _____

5. ਇਹ ਰਹੀਆਂ 18 ਜੁਰਾਬਾਂ

ਇਹਨਾਂ ਜੁਰਾਬਾਂ ਨੂੰ ਕਿੰਨੀਆਂ ਕੁੜੀਆਂ ਪਾ ਸਕਦੀਆਂ ਹਨ ?




6. ਰਾਜ ਕੋਲ ਰੋਟੀ ਬਣਾਉਣ ਲਈ 36 ਮਿੰਟ ਹਨ। ਇੱਕ ਰੋਟੀ ਬਣਾਉਣ ਵਿੱਚ 3 ਮਿੰਟ ਲਗਦੇ ਹਨ। ਉਹ ਇੰਨੇ ਸਮੇਂ ਵਿੱਚ ਕਿੰਨੀਆਂ ਰੋਟੀਆਂ ਬਣਾ ਸਕਦਾ ਹੈ?

ਉਹ ਇੰਨੇ ਸਮੇਂ ਵਿੱਚ ____________ ਰੋਟੀਆਂ ਬਣਾ ਸਕਦਾ ਹੈ।




7. ਇੱਕੋ ਬੱਕਰੀਆਂ ਦੇ ਪੈਰਾਂ ਦੇ 24 ਨਿਸ਼ਾਨ ਹਨ। ਅੰਦਾਜ਼ਾ ਲਗਾਉ ਇੱਥੇ ਕਿੰਨੀਆਂ ਬੱਕਰੀਆਂ ਆਈਆਂ ਹੋਣਗੀਆਂ।



8. ਕੁੱਝ ਕੁੜੀਆਂ ਆਪਣੇ ਦੋਨੋਂ ਹੱਥਾਂ ਨਾਲ ਕੋਈ ਖੇਡ ਖੇਡ ਰਹੀਆਂ ਹਨ। ਖੇਡਣ ਵਾਲੀਆਂ ਕੁੜੀਆਂ ਦੀਆਂ ਕੁੱਝ ਮਿਲਾ ਕੇ 60 ਉਂਗਲੀਆਂ ਹਨ।

ਇਸ ਖੇਡ ਨੂੰ ਕਿੰਨੀਆਂ ਕੁੜੀਆਂ ਖੇਡ ਰਹੀਆਂ ਹਨ?




9. ਲੱਛਮੀ ਨੇ 27 ਕਿਲੋ ਆਲੂ ਵੇਚਣੇ ਸਨ।

ਤਿੰਨ ਆਦਮੀਆਂ ਨੂੰ ਬਰਾਬਰ-ਬਰਾਬਰ ਮਾਤਰਾ ਵਿੱਚ ਆਲੂ ਖਰੀਦੇ।


ਹਰ ਆਦਮੀ ਨੇ ________ ਕਿਲੋ ਆਲੂ ਖਰੀਦੇ।




## ਨੱਚਦੇ-ਟੱਪਦੇ ਜਾਨਵਰ




ਇੱਕ ਡੱਡੂ ਇੱਕ ਵਾਰ ਵਿੱਚ 2 ਕਦਮ ਛਾਲ ਮਾਰਦਾ ਹੈ।



ਇੱਕ ਗਲਿਹਰੀ 3 ਕਦਮ ਛਾਲ ਮਾਰਦੀ ਹੈ।



ਇੱਕ ਖਰਗੋਸ਼ 5 ਕਦਮ ਛਾਲ ਮਾਰਦਾ ਹੈ।



ਇੱਕ ਘੋੜਾ 15 ਕਦਮ ਛਾਲ ਮਾਰਦਾ ਹੈ।



ਇੱਕ ਕੰਗਾਰੂ 30 ਕਦਮ ਛਾਲ ਮਾਰਦਾ ਹੈ।


ਅਗਲੇ ਪੰਨੇ ਉੱਤੇ ਦਿੱਤੇ ਗਏ ਰਸਤੇ ਦੀ ਵਰਤੋਂ ਕਰਕੇ ਪਤਾ ਕਰੋ ਕਿ


1. ਕਿੰਨੀਆਂ ਛਾਲਾਂ ਲਗਾ ਕੇ ਡੱਡੂ 30 'ਤੇ ਪਹੁੰਚ ਜਾਵੇਗਾ ?

   $30 \div 2 =$ ______

2. ਕਿੰਨੀਆਂ ਛਾਲਾਂ ਲਗਾ ਕੇ ਗਲਿਹਰੀ 27 ਤੇ ਪਹੁੰਚ ਜਾਵੇਗੀ ?

   $27 \div 3 =$ ______




3. ਕੰਗਾਰੂ ਦੋ ਛਾਲਾਂ ਲਗਾ ਕੇ ਕਿਸ ਸੰਖਿਆ 'ਤੇ ਪਹੁੰਚ ਜਾਵੇਗਾ ?

4. ਇਸ ਵਿੱਚ ਕਿਹੜੇ-ਕਿਹੜੇ 15 ਦੀਆਂ ਸੰਖਿਆ 'ਤੇ ਮਿਲਣਗੇ ?

_______, _______, _______

5. ਕੀ ਖਰਗੋਸ਼ ਕਦੇ ਵੀ 18 ਦੀ ਸੰਖਿਆ 'ਤੇ ਪਹੁੰਚੇਗਾ ? _______

6. ਖਰਗੋਸ਼ ਦੀਆਂ ਕਿੰਨੀਆਂ ਛਾਲਾਂ ਘੋੜੇ ਦੀ ਇੱਕ ਛਾਲ ਦੇ ਬਰਾਬਰ ਹੋਵੇਗੀ ? _______

7. ਘੋੜੇ ਦੀਆਂ ਕਿੰਨੀਆਂ ਛਾਲਾਂ ਕੰਗਾਰੂ ਦੀ ਦੋ ਛਾਲਾਂ ਦੇ ਬਰਾਬਰ ਹੋਵੇਗੀ ?

8. ਸਭ ਤੋਂ ਛੋਟੀ ਕਿਹੜੀ ਸੰਖਿਆ ਹੈ ਜਿਸ 'ਤੇ ਡੱਡੂ ਅਤੇ ਗਿਲਹਰੀ ਮਿਲਣਗੇ ?

## ਦੇਖੋ ਤੁਸੀਂ ਕਿੰਨੀ ਜਲਦੀ ਕਰ ਲੈਂਦੇ ਹੋ -

- 2 ਦੇ ਪਹਾੜੇ ਦੀ ਵਰਤੋਂ ਕਰੋ। ਫਟਾਫਟ ਭਾਗ ਕਰੋ।

| | | | |
|---|---|---|---|
| 18 ÷ 2 | = | 9 | ਸੰਕੇਤ: 2 × 9 = 18 |
| 18 ÷ 9 | = | 2 | |
| 16 ÷ 2 | = | | |
| 20 ÷ 2 | = | | |
| ÷ 2 | = | 7 | |
| ÷ 2 | = | 10 | |
| 8 ÷ | = | 4 | |
| ÷ 2 | = | 5 | |

- 5 ਦੇ ਪਹਾੜੇ ਦੀ ਵਰਤੋਂ ਕਰੋ। ਫਟਾਫਟ ਭਾਗ ਕਰੋ।

| | | | |
|---|---|---|---|
| 10 ÷ 5 | = | | ਸੰਕੇਤ 5 × 2 = ? |
| 20 ÷ | = | 4 | |
| 15 ÷ 5 | = | | |
| 40 ÷ | = | 8 | |
| 20 ÷ 5 | = | | |
| ÷ 5 | = | 6 | |
| 25 ÷ 5 | = | | |
| ÷ 5 | = | 3 | |
| 35 ÷ 5 | = | | |
| ÷ 5 | = | 2 | |

- 10 ਦੇ ਪਹਾੜੇ ਦੀ ਵਰਤੋਂ ਕਰੋ। ਫਟਾਫਟ ਭਾਗ ਕਰੋ।

| | | | |
|---|---|---|---|
| 20 ÷ 10 | = | | |
| 30 ÷ 10 | = | | |
| 40 ÷ 10 | = | | |
| 50 ÷ 10 | = | | |
| 40 ÷ | = | 4 | |
| ÷ 10 | = | 8 | |
| ÷ 10 | = | 5 | |
| ÷ 10 | = | 3 | |
| ÷ 10 | = | 2 | |
| 60 ÷ | = | 6 | |

ਬੱਚਿਆਂ ਨੂੰ ਇਸ ਦੇ ਲਈ ਉਤਸ਼ਾਹਿਤ ਕਰੋ ਕਿ ਉਹ ਭਾਗ ਕਰਨ ਲਈ ਦਿਮਾਗੀ ਗਿਣਤੀ ਦੇ ਜ਼ਰੀਏ ਗੁਣਨ ਤੱਥਾਂ ਦੀ ਵਰਤੋਂ ਕਰਨ।


ਇਸ ਨੂੰ ਵੀ ਕਰੋ।

| | | | |
|---|---|---|---|
| 4 + | = | 2 | |
| 14 + 7 | = | | |
| 6 + 3 | = | | |
| + 2 | = | 7 | |
| + 2 | = | 3 | |
| 15 + 3 | = | | |
| 8 + 4 | = | | |
| 15 + 5 | = | | |
| 8 + | = | 4 | |
| + 2 | = | 8 | |

| | | | |
|---|---|---|---|
| 9 + 3 | = | | |
| 18 + 9 | = | | |
| + 2 | = | 5 | |
| 20 + 5 | = | | |
| 12 + 4 | = | | |
| 20 + 4 | = | | |
| 12 + | = | 2 | |
| | | | |
| | | | |
| | | | |

## ਪਹੇਲੀ

ਇਸ ਘੜੀ ਨੂੰ ਤਿੰਨ ਹਿੱਸਿਆਂ ਵਿੱਚ ਇਸ ਤਰ੍ਹਾਂ ਵੰਡੋ ਕਿ ਆਉਣ ਵਾਲੀ ਸੰਖਿਆ ਦਾ ਜੋੜ ਬਰਾਬਰ ਹੋਵੇ।



# 13 ਸਮਾਰਟ ਚਾਰਟ !





**ਅਲੱਗ-ਅਲੱਗ ਰੰਗ ਦੇ ਫੁੱਲ**


ਕੀ ਤੁਸੀਂ ਕਦੇ ਬਗੀਚੇ ਵਿੱਚ ਗਏ ਹੋ ?

ਤੁਸੀਂ ਉੱਥੇ ਕਿਹੜੇ ਕਿਹੜੇ ਰੰਗ ਦੇ ਫੁੱਲ ਦੇਖੇ ?

ਕੀ ਜ਼ਿਆਦਾਤਰ ਫੁੱਲ ਪੀਲੇ ਰੰਗ ਦੇ ਸੀ ?

ਚਿੱਤਰ ਵਿੱਚ ਅਲੱਗ-ਅਲੱਗ ਫੁੱਲਾਂ ਨੂੰ ਦੇਖੋ।
ਸਾਰਣੀ ਨੂੰ ਪੂਰਾ ਕਰੋ।

| ਫੁੱਲਾਂ ਦਾ ਰੰਗ | ਫੁੱਲਾਂ ਦੀ ਸੰਖਿਆ |
|---|---|
| ਨੀਲਾ | |
| ਲਾਲ | |
| ਨਾਰੰਗੀ | |
| ਬੈਂਗਨੀ | |



ਸਾਰਣੀ ਵੇਖੋ ਅਤੇ ਫੁੱਲ ਬਣਾਓ।

ੳ) _______ ਦੀ ਸੰਖਿਆ ਸਭ ਤੋਂ ਜ਼ਿਆਦਾ ਹੈ। ਹੁਣ ਦੱਸੋ ਇਹ ਕਿੰਨੇ ਹਨ? _______.

ਅ) _______ ਦੀ ਸੰਖਿਆ ਸਭ ਤੋਂ ਘੱਟ ਹੈ। ਹੁਣ ਦੱਸੋ ਇਹ ਕਿੰਨੇ ਹਨ? _______.

ੲ) _______ ਜ਼ਿਆਦਾ ਹੈ _______ ਤੋਂ।

d) _______ ਜ਼ਿਆਦਾ ਹੈ _______ ਤੋਂ।



## ਅਸੀਂ ਸੜਕ 'ਤੇ ਕੀ-ਕੀ ਦੇਖਦੇ ਹਾਂ?

ਚਿੱਤਰ ਵਿੱਚ ਟ੍ਰੈਫ਼ਿਕ ਦਾ ਦ੍ਰਿਸ਼ ਦੇਖੋ ਅਤੇ ਅੱਗੇ ਦਿੱਤੀ ਗਈ ਸਾਰਣੀ ਭਰੋ।



ਇਹ ਅਧਿਆਇ ਅੰਕੜਿਆਂ ਦਾ ਨਾਲ ਕੰਮ ਕਰਨ ਦੀ ਸ਼ੁਰੂਆਤੀ ਭੂਮਿਕਾ ਹੈ। ਅੰਕੜਾ ਗਣਿਤ ਦਾ ਇਕ ਮਹੱਤਵਪੂਰਨ ਹਿੱਸਾ ਹੈ। ਛੇਵੀਂ ਤੱਕ ਆਉਂਦੇ ਆਉਂਦੇ ਬੱਚਿਆਂ ਦਾ ਅੰਕੜਿਆਂ ਨੂੰ ਇੱਕਠਾ ਕਰਨ ਅਤੇ ਉਹਨਾਂ ਨੂੰ ਦਰਜ ਕਰਨ, ਬਾਰ ਚਾਰਟ ਅਤੇ ਸਾਰਣੀ ਵਿਚ ਪੇਸ਼ ਕਰਨ, ਅੰਕੜਿਆਂ ਦੇ ਪੈਟਰਨ ਨੂੰ ਸਮਝਣ ਅਤੇ ਨਤੀਜਾ ਕੱਢ ਸਕਣ ਦੇ ਕਾਬਿਲ ਹੋਣਾ ਚਾਹੀਦਾ ਹੈ। ਅਧਿਆਪਕ ਇਸਦੇ ਲਈ ਬੱਚਿਆਂ ਦੇ ਤਜਰਬਿਆਂ ਵਿੱਚੋਂ ਕਈ ਰੋਚਕ ਅਤੇ ਮਜ਼ੇਦਾਰ ਉਦਾਹਰਨ ਚੁਣ ਸਕਦੇ ਹਨ। ਇੱਥੇ ਦਿੱਤੇ ਗਏ ਚਿੱਤਰਾਂ ਨੂੰ ਕਈ ਤਰ੍ਹਾਂ ਦੇ ਵਰਗੀਕਰਨ ਦੇ ਅਭਿਆਸ ਦੇ ਲਈ ਵਰਤੋਂ ਕੀਤੀ ਜਾ ਸਕਦੀ ਹੈ। ਜਿਵੇਂ ਕਿ ਫੁੱਲਾਂ ਵਿਚ ਕਿੰਨੀਆਂ ਪੱਤੀਆਂ ਹਨ?




| ਯਾਤਰਾ ਦਾ ਤਰੀਕਾ | ਕਿੰਨੇ |
|---|---|
| ਪੈਦਲ (ਲੋਕ) | |
| ਸਾਈਕਲ | |
| ਸਕੂਟਰ | |
| | |
| | |
| | |

ਇਹਨ੍ਹਾਂ ਪ੍ਰਸ਼ਨਾਂ ਦੇ ਉੱਤਰ ਦਿਓ।

ੳ) ਇਸ ਚਿੱਤਰ ਵਿੱਚ ਆਉਣ-ਜਾਣ ਦਾ ਕਿਹੜਾ ਤਰੀਕਾ ਸਭ ਤੋਂ ਜ਼ਿਆਦਾ ਦਿਖਾਈ ਦੇ ਰਿਹਾ ਹੈ? ________

ਅ) ਆਉਣ-ਜਾਣ ਦਾ ਕਿਹੜਾ ਤਰੀਕਾ (ਗੱਡੀ) ਸਭ ਤੋਂ ਘੱਟ ਦਿਖਾਈ ਦੇ ਰਿਹਾ ਹੈ? ________

ੲ) ਪੈਦਲ ਚੱਲਣ ਵਾਲੇ ਲੋਕਾਂ ਦੀ ਸੰਖਿਆ ________ ਦੀ ਸੰਖਿਆ ਤੋਂ ਜ਼ਿਆਦਾ ਹੈ।

ਸ) ਬੱਸਾਂ ਦੀ ਸੰਖਿਆ ________ ਦੀ ਸੰਖਿਆ ਤੋਂ ਜ਼ਿਆਦਾ ਹੈ।

## ਕਿੰਨੀ ਵਾਰ 6 ਆਇਆ ?

ਕੀ ਤੁਸੀਂ ਪਾਸੇ (ਡਾਈਸ) ਨਾਲ ਕੋਈ ਖੇਡ ਖੇਡੀ ਹੈ?

ਪਾਸੇ ਦੇ ਵੱਖ-ਵੱਖ ਤਲ ਉੱਤੇ ਕਿੰਨੀਆਂ ਬਿੰਦੀਆਂ ਹਨ?




- ਪਾਸਾ ਸੁੱਟੋ ।
- ਪਾਸਾ ਸੁੱਟਣ 'ਤੇ ਜਿਹੜਾ ਤਲ ਉੱਪਰ ਆਇਆ ਉਸ ਵਿੱਚ ਦੱਸੋ ਕਿੰਨੀਆਂ ਬਿੰਦੀਆਂ ਹਨ।
- ਹਰ ਵਾਰ ਪਾਸ ਸੁੱਟਣ ਤੋਂ ਬਾਅਦ ਸਾਰਣੀ ਵਿੱਚ ਉੱਪਰ ਆਈ ਸੰਖਿਆ ਦੇ ਸਾਹਮਣੇ ਇੱਕ ਇਸ ਤਰ੍ਹਾਂ ਦਾ /ਨਿਸ਼ਾਨ ਲਗਾਉ।
- ਪਾਸਾ 30 ਵਾਰ ਸੁੱਟੋ ਅਤੇ ਹਰ ਵਾਰ ਸਾਰਣੀ ਵਿੱਚ ਇੱਕ ਨਿਸ਼ਾਨ ਲਗਾਓ।

ਉਦਾਹਰਣ ਦੇ ਲਈ ਰਾਬੀਆ ਨੇ ਆਪਣਾ ਪਾਸਾ 30 ਵਾਰ ਸੁੱਟਿਆ  ਤਿੰਨ ਵਾਲਾ ਤਲ ਪੰਜ ਵਾਰ ਅਇਆ। ਉਸ ਨੇ ਆਪਣੀ ਸਾਰਣੀ ਵਿੱਚ ਇਸ ਤਰ੍ਹਾਂ  ///// ਬਣਾਇਆ :

ਹੁਣ ਆਪਣੀ ਸਾਰਣੀ ਇਸ ਤਰ੍ਹਾਂ ਭਰੋ :

| ਪਾਸੇ ਦੇ ਤਲ | ਕਿੰਨੀ ਵਾਰ ਆਇਆ (ਹਰ ਵਾਰ ਸੁੱਟਣ 'ਤੇ/) |
|---|---|
|  | |
|  | |
|  | |
|  | |
|  | |
|  | |



ੳ) ਪਾਸੇ ਦਾ ਕਿਹੜਾ ਤਲ ਸਭ ਤੋਂ ਜ਼ਿਆਦਾ ਵਾਰ ਆਇਆ? ________

ਅ)  ਕਿੰਨੀ ਵਾਰ ਉੱਪਰ ਆਇਆ ਹੈ? ________ ਵਾਰ

ੲ)  ਵਾਲਾ ਤਲ ☐ ਵਾਲੇ ਤਲ ਤੋਂ ਜ਼ਿਆਦਾ ਵਾਰ ਉੱਪਰ ਆਇਆ।

ਸ) ਆਪਣੀ ਸਾਰਣੀ ਆਪਣੇ ਨਾਲ ਬੈਠੇ ਦੋਸਤਾਂ ਨਾਲ ਮਿਲਾਓ। ਕੀ ਦੋਨਾਂ ਸਾਰਣੀਆਂ ਵਿੱਚ ਕੋਈ ਫਰਕ ਨਜ਼ਰ ਆਇਆ?

## ਆਲੇ-ਦੁਆਲੇ ਦੇ ਲੋਕਾਂ ਤੋਂ ਪਤਾ ਲਗਾਓ

1. ਆਲੇ-ਦੁਆਲੇ ਦੇ ਲੋਕਾਂ ਤੋਂ ਉਹਨਾਂ ਦੀ ਮਨਪਸੰਦ ਮਿਠਾਈ ਦੇ ਬਾਰੇ ਵਿੱਚ ਗੱਲ ਕਰੋ ਅਤੇ ਸਾਰਣੀ ਭਰੋ।

| ਮਨਪਸੰਦ ਮਿਠਾਈ | ਲੋਕਾਂ ਦੀ ਸੰਖਿਆ |
|---|---|
| ਜਲੇਬੀ | |
| | |
| | |
| | |
| | |
| | |



ਉੱਪਰ ਦੀ ਸਾਰਣੀ ਨੂੰ ਦੇਖਦੇ ਹੋਏ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ੳ) ਸਭ ਤੋਂ ਜ਼ਿਆਦਾ ਪਸੰਦ ਕੀਤੀ ਜਾਣ ਵਾਲੀ ਮਿਠਾਈ ____________

ਅ) ਸਭ ਤੋਂ ਘੱਟ ਪਸੰਦ ਕੀਤੀ ਜਾਣ ਵਾਲੀ ਮਿਠਾਈ ____________

ੲ) ____________ ਨੂੰ ____________ ਤੋਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।

(ਮਿਠਾਈ ਦਾ ਨਾਂ) (ਮਿਠਾਈ ਦਾ ਨਾਂ)

ਸ) ____________ ਨੂੰ ____________ ਤੋਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।

ਹ) ____________ ਨੂੰ ____________ ਤੋਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।

ਕ) ____________ ਨੂੰ ____________ ਤੋਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।



2. ਆਪਣੇ ਦੋਸਤਾਂ ਤੋਂ ਇਹ ਪਤਾ ਕਰੋ ਕਿ ਉਹਨਾਂ ਦੇ ਘਰਾਂ ਵਿੱਚ ਕਿੰਨੇ ਲੋਕ ਰਹਿੰਦੇ ਹਨ ਅਤੇ ਇਸ ਸਾਰਣੀ ਨੂੰ ਭਰੋ।





| ਨਾਲ ਰਹਿਣ ਵਾਲੇ ਲੋਕਾਂ ਦੀ ਸੰਖਿਆ | ਕਿੰਨੇ ਪਰਿਵਾਰਾਂ ਵਿੱਚ |
|---|---|
| 1 ਇਕੱਲਾ | |
| 2 ਲੋਕ | |
| 3 ਲੋਕ | |
| 4 ਲੋਕ | |
| 5 ਲੋਕ | |
| 6 ਲੋਕ | |
| 7 ਲੋਕ | |
| 8 ਲੋਕ | |
| ............... | |

ੳ) ਸਭ ਤੋਂ ਜ਼ਿਆਦਾ ਘਰਾਂ ਵਿੱਚ __________ ਲੋਕ ਰਹਿੰਦੇ ਹਨ।

ਅ) ਇੱਕ ਘਰ ਵਿੱਚ ਰਹਿਣ ਵਾਲੇ ਲੋਕਾਂ ਦੀ ਸਭ ਤੋਂ ਘੱਟ ਸੰਖਿਆ ________ ਹੈ।

ੲ) 4 ਲੋਕਾਂ ਦੇ ਪਰਿਵਾਰਾਂ ਦੀ ਸੰਖਿਆ __________ ਹੈ।





3. ਤੁਹਾਡੀ ਜਮਾਤ ਦੇ ਦੋਸਤ ਅੱਜ ਦੁਪਹਿਰ ਨੂੰ ਖਾਣ ਲਈ ਕੀ ਲੈ ਕੇ ਆਏ ਹਨ ? ਪਤਾ ਕਰੋ ਅਤੇ ਹੇਠਾਂ ਲਿਖੋ।

| ਖਾਣ ਦਾ ਸਮਾਨ | ਬੱਚਿਆਂ ਦੀ ਸੰਖਿਆ |
|---|---|
| | |
| | |
| | |
| | |
| | |

ੳ) ਦੁਪਹਿਰ ਦੇ ਖਾਣੇ ਵਿੱਚ ਕਿਹੜੀ ਚੀਜ਼ ਸਭ ਤੋਂ ਜ਼ਿਆਦਾ ਬੱਚੇ ਲੈ ਕੇ ਆਏ ? ____________

ਅ) ਕਿਹੜੀ ਚੀਜ਼ ਸਭ ਤੋਂ ਘੱਟ ਬੱਚੇ ਲੈ ਕੇ ਆਏ ? ____________



## ਚਾਰਟ ਬਣਾਓ ਅਤੇ ਸਜਾਓ

**ਹਾਜ਼ਰੀ ਬੋਰਡ**


ਮਿਤੀ 8/2/2007

| ਜਮਾਤ | ਬੱਚਿਆਂ ਦੀ ਸੰਖਿਆ | ਹਾਜ਼ਰ ਬੱਚੇ | ਗੈਰਹਾਜ਼ਰ ਬੱਚੇ |
|---|---|---|---|
| ਜਮਾਤ I | 27 | 25 | 2 |
| ਜਮਾਤ II | 23 | 22 | 1 |
| ਜਮਾਤ III | 24 | 21 | 3 |
| ਜਮਾਤ IV | 22 | 18 | 4 |
| ਜਮਾਤ V | 25 | 23 | 2 |
| ਕੁੱਲ | | | |





ਇਹ ਬੋਰਡ ਹਰ ਜਮਾਤ ਦੇ ਬੱਚਿਆਂ ਦੀ ਸੰਖਿਆ ਦੱਸਦਾ ਹੈ। ਇਹ ਹਾਜ਼ਰ ਅਤੇ ਗੈਰਹਾਜ਼ਰ ਬੱਚਿਆਂ ਦੀ ਵੀ ਜਾਣਕਾਰੀ ਦਿੰਦਾ ਹੈ।

* ਇਸ ਸਕੂਲ ਵਿੱਚ ਕੁੱਲ ਮਿਲਾ ਕੇ ਕਿੰਨੇ ਬੱਚੇ ਹਨ? ________
* ਇਹ ਚਾਰਟ ਜਿਸ ਦਿਨ ਦਾ ਹੈ ਉਸ ਦਿਨ ਸਕੂਲ ਵਿੱਚ ਕੁੱਲ ਕਿੰਨੇ ਬੱਚੇ ਗੈਰਹਾਜ਼ਰ ਸਨ? ________



ਗੈਰਹਾਜ਼ਰ ਬੱਚਿਆਂ ਦੀ ਸੰਖਿਆ




ਇਹ ਚਾਰਟ ਗੈਰਹਾਜ਼ਰ ਬੱਚਿਆਂ ਦੀ ਸੰਖਿਆ ਨੂੰ ਦਸਦਾ ਹੈ। ਹਰ ਗੈਰਹਾਜ਼ਰ ਬੱਚਿਆਂ ਨੂੰ  ਨਾਲ ਦਿਖਾਇਆ ਗਿਆ ਹੈ।

* ਇਸ ਚਾਰਟ ਵਿੱਚ ਜਮਾਤ V ਦੇ ਗੈਰਹਾਜ਼ਰ ਬੱਚਿਆਂ ਨੂੰ ਦਿਖਾਉ।

### ਹੁਣ ਚਾਰਟ ਨੂੰ ਦੇਖੋ ਅਤੇ ਖਾਲੀ ਥਾਵਾਂ ਭਰੋ।

ੳ) ਕਿਸ ਜਮਾਤ ਵਿੱਚ ਗੈਰਹਾਜ਼ਰ ਬੱਚਿਆਂ ਦੀ ਸੰਖਿਆ ਸਭ ਤੋਂ ਜ਼ਿਆਦਾ ਹੈ? ________

ਅ) ਕਿਸ ਜਮਾਤ ਵਿੱਚ ਗੈਰਹਾਜ਼ਰ ਬੱਚਿਆਂ ਦੀ ਸੰਖਿਆ ਸਭ ਤੋਂ ਘੱਟ ਹੈ? ________

ੲ) ਕਿਸ ਜਮਾਤ ਵਿੱਚ 3 ਬੱਚੇ ਗੈਰਹਾਜ਼ਰ ਹਨ? ________


ਸ) ਜਮਾਤ IV ਵਿੱਚ ਅਤੇ ਜਮਾਤ V ਵਿੱਚ ਗੈਰਹਾਜ਼ਰ ਬੱਚਿਆਂ ਦੀ ਸੰਖਿਆ ________ ਅਤੇ ________ ਹੈ।

## ਤੁਹਾਡਾ ਹੱਥ ਕਿੰਨਾ ਲੰਬਾ ਹੈ?

* ਆਪਣੇ ਚਾਰ ਦੋਸਤਾਂ ਦਾ ਇੱਕ ਸਮੂਹ ਬਣਾਓ।
* ਰੱਦੀ ਕਾਗਜ਼ ਦੀਆਂ ਪੱਟੀਆਂ ਕੱਟ। ਇਹਨਾਂ ਪੱਟੀਆਂ ਦੀ ਚੌੜਾਈ ਬਰਾਬਰ ਹੋਣੀ ਚਾਹੀਦੀ ਹੈ।
* ਹਰ ਬੱਚੇ ਦੇ ਹੱਥ ਦੀ ਲੰਬਾਈ ਕਾਗਜ਼ ਦੀ ਪੱਟੀ ਨਾਲ ਮਾਪੋ ਹੱਥ ਦੀ ਲੰਬਾਈ ਦੇ ਬਰਾਬਰ ਪੱਟੀ ਨੂੰ ਕੱਟ ਅਤੇ ਉਸ ਬੱਚੇ ਦਾ ਨਾਮ ਲਿਖੋ।



ਰੋਹਨ, ਜੇਕਬ ਅਤੇ ਗੀਤਾ ਨੇ ਵੀ ਆਪਣਾ ਹੱਥ ਮਾਪਿਆ। ਉਹਨ੍ਹਾਂ ਨੇ ਆਪਣੀਆਂ ਪੱਟੀਆਂ ਨੂੰ ਇਸ ਤਰ੍ਹਾਂ ਚਿਪਕਾਇਆ ਜਿਸ ਤਰ੍ਹਾਂ ਦਿਖਾਇਆ ਗਿਆ ਹੈ।




ਇਸ ਚਿੱਤਰ ਨੂੰ ਦੇਖੋ ਅਤੇ ਖਾਲੀ ਸਥਾਨ ਭਰੋ:


ੳ) ਜੇਕਬ ਦੇ ਹੱਥ ਦੀ ਲੰਬਾਈ ਗੀਤਾ ਦੇ ਹੱਥ ਦੀ ਲੰਬਾਈ ਤੋਂ ________(ਜ਼ਿਆਦਾ/ਘੱਟ) ਹੈ।

ਅ) ਗੀਤਾ ਦੇ ਹੱਥ ਦੀ ਲੰਬਾਈ ਰੋਹਨ ਦੇ ਹੱਥ ਦੀ ਲੰਬਾਈ ਤੋਂ ________ (ਜ਼ਿਆਦਾ/ਘੱਟ) ਹੈ।

ੲ) ________ ਦਾ ਹੱਥ ਸਭ ਤੋਂ ਲੰਬਾ ਹੈ।

ਸ) ________ ਦਾ ਹੱਥ ਸਭ ਤੋਂ ਛੋਟਾ ਹੈ।

ਹੇਠ ਦਿੱਤੇ ਗਏ ਚਾਰਟ ਵਿੱਚ ਆਪਣੇ ਸਮੂਹ ਦੇ ਸਾਰੇ ਦੋਸਤਾਂ ਦੀਆਂ ਪੱਟੀਆਂ ਨੂੰ ਚਿਪਕਾਓ। ਪੱਟੀਆਂ ਦੇ ਵਿੱਚ ਕੁੱਝ ਦੂਰੀ ਰੱਖੋ।




# ਸਕੂਲ ਆਉਣ ਵਾਲੇ ਬੱਚੇ



ਇਸ ਚਿੱਤਰ ਨੂੰ ਦੇਖੋ ਅਤੇ ਸਾਰਣੀ ਨੂੰ ਪੂਰਾ ਕਰੋ।

| ਆਉਣ ਦਾ ਤਰੀਕਾ | ਟਰੈਕਟਰ | | | | |
|---|---|---|---|---|---|
| ਵਿਦਿਆਰਥੀਆਂ ਦੀ ਸੰਖਿਆ | 3 | | | | |

3 ਬੱਚੇ ਟਰੈਕਟਰ 'ਤੇ ਆ ਰਹੇ ਹਨ। ਅਸੀਂ ਸਾਰਣੀ ਵਿੱਚ ਤਿੰਨ ਲਿਖਦੇ ਹਾਂ। ਅਸੀਂ ਚਾਰਟ ਵਿੱਚ ਟਰੈਕਟਰ ਦੇ ਉੱਪਰ ਤਿੰਨ ਚਿਹਰੇ ਵੀ ਬਣਾਵਾਂਗੇ। ਚਾਰਟ ਵਿੱਚ ਦਿਖਾਓ ਕਿ ਕਿੰਨੇ ਬੱਚੇ ਬੱਸ, ਸਾਈਕਲ ਆਦਿ 'ਤੇ ਆਉਂਦੇ ਹਨ।






ਖਾਲੀ ਥਾਵਾਂ ਭਰੋ :

ੳ) ਜ਼ਿਆਦਾਤਰ ਵਿਦਿਆਰਥੀ ਸਕੂਲ ____________ ਨਾਲ ਆਉਂਦੇ ਹਨ।

ਅ) ਪੈਦਲ ਆਉਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਸਾਈਕਲ 'ਤੇ ਆਉਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਤੋਂ ____________ (ਜ਼ਿਆਦਾ/ਘੱਟ) ਹੈ।

ੲ) ਸਕੂਲ ਵਿੱਚ ਸਭ ਤੋਂ ਘੱਟ ਵਿਦਿਆਰਥੀ ____________ ਆਉਂਦੇ ਹਨ।

ਹੁਣ ਸਮਝੋ ਇਸ ਨੂੰ ਸਮਾਰਟ ਚਾਰਟ ਕਿਉਂ ਕਹਿੰਦੇ ਹਨ। ਸਿਰਫ ਇਸ ਨੂੰ ਦੇਖ ਕੇ ਅਸੀਂ ਬਹੁਤ ਕੁਝ ਜਾਣ ਸਕਦੇ ਹਾਂ। ਚਲੋ ਕੁਝ ਹੋਰ ਇਸ ਤਰ੍ਹਾਂ ਦੇ ਚਾਰਟ ਬਣਾਈਏ।




**ਅਭਿਆਸ ਦਾ ਸਮਾਂ**

ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਨੂੰ ਦੇਖ ਕੇ ਸਮਾਰਟ ਚਾਰਟ ਬਣਾਓ।

ਜਿਵੇਂ —

* ਕਿਹੜੀ ਚਿੜੀ ਵਿੱਚ ਵੱਖ-ਵੱਖ ਤਰ੍ਹਾਂ ਦੇ ਰੰਗ ਸਾਰਿਆਂ ਤੋਂ ਜ਼ਿਆਦਾ ਹੁੰਦੇ ਹਨ?






* ਕਿਸ ਜਾਨਵਰ ਨੂੰ ਪਾਲਤੂ ਬਣਾਉਣ ਦੇ ਲਈ ਸਭ ਤੋਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ?

## ਤੁਹਾਡੀ ਨਾਪਸੰਦ ਦੀ ਸਬਜ਼ੀ


ਕਿਹੜੀ ਸਬਜ਼ੀ ਤੁਹਾਨੂੰ ਸਭ ਤੋਂ ਜ਼ਿਆਦਾ ਨਾਪਸੰਦ ਹੈ? ਆਪਣੇ ਦੋਸਤਾਂ ਨੂੰ ਪੁੱਛੋ ਅਤੇ ਸਾਰਣੀ ਵਿੱਚ ਭਰੋ।

| ਨਾਪਸੰਦ ਸਬਜ਼ੀ | ਬੱਚਿਆਂ ਦੀ ਸੰਖਿਆ |
|---|---|
| ________ | ________ |
| ________ | ________ |
| ________ | ________ |
| ________ | ________ |
| ________ | ________ |
| ________ | ________ |



ਇਸ ਸਾਰਣੀ ਦੀ ਵਰਤੋਂ ਕਰਕੇ ਹੇਠਾਂ ਦਿੱਤੇ ਗਏ ਚਾਰਟ ਵਿੱਚ ਚਿਹਰੇ ਬਣਾਉ। ਹਰ ਬੱਚੇ ਦੇ ਲਈ ☹ ਨੂੰ ਉਸ ਸਬਜ਼ੀ ਦੇ ਉੱਪਰ ਬਣਾਓ ਜਿਸ ਨੂੰ ਉਹ ਨਾਪਸੰਦ ਕਰਦੇ ਹਨ।


- ਸਭ ਤੋਂ ਜ਼ਿਆਦਾ ਨਾ ਪਸੰਦ ਕੀਤੀ ਜਾਣ ਵਾਲੀ ਸਬਜ਼ੀ ________
- ਕਿਹੜੀ ਸਬਜ਼ੀ ਸਭ ਤੋਂ ਘੱਟ ਬੱਚੇ ਨਾ ਪਸੰਦ ਕਰਦੇ ਹਨ? ________




# 14 ਰੁਪਏ ਅਤੇ ਪੈਸੇ





* ਕਾਗਜ਼ ਦੀ ਇੱਕ ਸ਼ੀਟ ਲਉ ਅਤੇ ਉਸ ਨੂੰ ਵਿਚਕਾਰ ਤੋਂ ਤਹਿ ਮਾਰੋ ਅਤੇ ਖੋਲ ਲਓ।



* ਦੋਨੋਂ ਕੋਨੇ 'ੳ' ਅਤੇ 'ਅ' ਨੂੰ ਇਸ ਤਰ੍ਹਾਂ ਮੋੜੋ ਕਿ ਇਹ ਬਿੰਦੂਆਂ ਵਾਲੀ ਰੇਖਾ 'ਤੇ ਮਿਲਣ।





* ਹੁਣ ਕਾਗਜ਼ ਦੀ ਸ਼ੀਟ ਕੁੱਝ ਇਸ ਤਰ੍ਹਾਂ ਦੀ ਦਿਖੇਗੀ।




* ਕਾਗਜ਼ ਦੇ ਸ਼ੀਟ ਦੇ ਉੱਪਰਲੇ ਹਿੱਸੇ ਨੂੰ ਪਿੱਛੇ ਵੱਲ ਮੋੜੋ ਤਾਂ ਕਿ ਸ਼ੀਟ ਦਾ ਪਿਛਲਾ ਹਿੱਸਾ ਕੁੱਝ ਇਸ ਤਰ੍ਹਾਂ ਦਿਖਾਈ ਦੇਵੇ ।



ਅਤੇ ਅੱਗੇ ਦਾ ਹਿੱਸਾ ਕੁੱਝ ਇਸ ਤਰ੍ਹਾਂ ਦਿਖਾਈ ਦੇਵੇ।







* ਕਾਗਜ਼ ਦੀ ਸ਼ੀਟ ਦੇ ਅਗਲੇ ਵਾਲੇ ਹਿੱਸੇ ਨੂੰ ਉੱਪਰ ਰੱਖੋ ਅਤੇ 'ਕਖ' ਅਤੇ 'ਗਘ' ਵਾਲੇ ਕਿਨਾਰਿਆਂ ਨੂੰ ਇਸ ਤਰ੍ਹਾਂ ਮੋੜੋ ਕਿ ਉਹ ਬਿੰਦੂਆਂ ਵਾਲੀ ਰੇਖਾ 'ਤੇ ਮਿਲ ਜਾਣ।


ਹੁਣ ਇਹ ਕੁੱਝ ਇਸ ਤਰ੍ਹਾਂ ਦਿਖਾਈ ਦੇਵੇਗਾ



* ਉੱਪਰਲੇ ਹਿੱਸੇ ਨੂੰ ਬਿੰਦੀਆਂ ਵਾਲੀ ਰੇਖਾ ਦੇ ਬਰਾਬਰ ਮੋੜੋ ਜਿਸ ਨਾਲ ਇਹ ਕੁੱਝ ਇਸ ਤਰ੍ਹਾਂ ਦਾ ਦਿਖਾਈ ਦੇਵੇ -



* ਪਿਛਲੀ ਪਰਤ ਨੂੰ ਹੇਠਾਂ ਮੋੜੋ ਅਤੇ ਹੁਣ ਪੈਸੇ ਰੱਖਣ ਦੇ ਲਈ ਬਟੂਆ ਤਿਆਰ ਹੋ ਗਿਆ!





### ਆਪਣਾ ਬਟੂਆ ਆਪਣੇ ਪੈਸੇ

- ਵੱਖ-ਵੱਖ ਸਿੱਕਿਆਂ ਨੂੰ ਇੱਕਠਾ ਕਰੋ।
- ਇੱਕ ਸਿੱਕੇ ਨੂੰ ਕਿਸੇ ਠੀਕ ਜਗ੍ਹਾ 'ਤੇ ਰੱਖੋ ਅਤੇ ਉਸ 'ਤੇ ਇੱਕ ਪਤਲਾ ਕਾਗਜ਼ ਰੱਖੋ।
- ਇੱਕ ਹੱਥ ਨਾਲ ਕਾਗਜ਼ ਨੂੰ ਖਿੱਚ ਕੇ ਫੜੋ। ਪੈਨਸਿਲ ਦੀ ਨੋਕ ਨੂੰ ਸਿੱਕੇ ਦੇ ਉੱਪਰ ਕਾਗਜ਼ 'ਤੇ ਘਿਸਾਉ।
- ਹੌਲੀ-ਹੌਲੀ ਸਿੱਕੇ ਦੀ ਛਾਪ ਕਾਗਜ਼ ਦੇ ਉੱਪਰ ਆ ਜਾਵੇਗੀ।
- ਛਪੇ ਹੋਏ ਕਾਗਜ਼ ਦੇ ਸਿੱਕੇ ਨੂੰ ਕੱਟ ਕੇ ਬਾਹਰ ਕੱਢੋ ਅਤੇ ਆਪਣੇ ਬਟੂਏ ਵਿੱਚ ਰੱਖੋ।



ਹੁਣ ਕਾਗਜ਼ ਨੂੰ ਕੱਟ ਕੇ ਕੁੱਝ ਨੋਟ ਬਣਾਉ ਅਤੇ ਹਰ ਨੋਟ 'ਤੇ ਉਸਦਾ ਮੁੱਲ ਲਿਖੋ।



## ਪੈਸੇ ਦੀ ਖੇਡ


★ ਨੋਟਾਂ ਅਤੇ ਸਿੱਕਿਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਿੱਤੇ ਗਏ ਪੈਸਿਆਂ ਦੀ ਰਕਮ ਦਿਖਾਉ। (ਕੁੱਝ ਪੈਸੇ ਤੁਸੀਂ ਆਪਣੇ ਬਣਾਏ ਹੋਏ ਬਟੂਏ ਵਿੱਚ ਵੀ ਰੱਖ ਸਕਦੇ ਹੋ।)

- ਛੱਬੀ ਰੁਪਏ




- 4 ਰੁਪਏ 75 ਪੈਸੇ
- 78 ਰੁਪਏ
- 130 ਰੁਪਏ
- 8 ਰੁਪਏ 75 ਪੈਸੇ
- 53 ਰੁਪਏ


*ਹਰ ਚਿੱਤਰ ਵਿੱਚ ਨੋਟਾਂ ਅਤੇ ਸਿੱਕਿਆਂ ਵਿੱਚ ਵਿਖਾਈ ਗਈ ਪੈਸਿਆਂ ਦੀ ਰਕਮ ਨੂੰ ਲਿਖੋ।*




ਇੱਕ ਸੌ ਇੱਕ ਰੁਪਏ



______________










# ਅਸੀਂ ਬਜ਼ਾਰ ਜਾਵਾਂਗੇ




ਇਥੇ ਚੱਲੀਏ , ਇਸ ਸਟੋਰ ਵਿਚ ਆਪਣੇ ਆਪ ਹੀ ਸਮਾਨ ਚੁੱਕ ਕੇ ਖਰੀਦਣਾ ਹੈ।।

*ੳ) ਲਿਖ ਕੇ ਦੇਖੇ ਬਿਨਾਂ ਮੁੱਲ ਦਾ ਪਤਾ ਲਗਾਉ:*

* ਇੱਕ ਗੇਂਦ ਅਤੇ ਇੱਕ ਖਿਡੌਣਾ ਗੱਡੀ
  ________ ਰੁਪਏ
* ਇੱਕ ਕਾਪੀ ਅਤੇ ਦੋ ਪੈਨਸਿਲਾਂ
  ________ ਰੁਪਏ
* ਦੋ ਕੇਲੇ ਅਤੇ ਇੱਕ ਗਿਲਾਸ ਦੁੱਧ
  ______ ਰੁਪਏ
* ਇੱਕ ਗੁੱਡੀ ਅਤੇ ਇੱਕ ਗੇਂਦ
  ________ ਰੁਪਏ
* ਇੱਕ ਗਿਲਾਸ ਨਿੰਬੂ ਪਾਣੀ ਅਤੇ ਇੱਕ ਪੈਕਟ ਬਿਸਕੁਟ
  ______ ਰੁਪਏ

ਅ) ਕੁੱਲ ਮੁੱਲ ਦਾ ਪਤਾ ਲਗਾਓ

* ਇੱਕ ਖਿਡੌਣਾ ਜਿਰਾਫ਼, ਇੱਕ ਕਾਪੀ ਅਤੇ ਇੱਕ ਗਿਲਾਸ ਨਿੰਬੂ ਪਾਣੀ ______ ਰੁਪਏ
* ਇੱਕ ਗਿਲਾਸ ਦੁੱਧ, ਇੱਕ ਪੈਕਟ ਬਿਸਕੁਟ ਅਤੇ ਇੱਕ ਕੇਲਾ ______ ਰੁਪਏ
* ਇੱਕ ਕਾਪੀ , ਦੋ ਪੈਨਸਿਲਾਂ ਅਤੇ ਦੋ ਰਬੜਾਂ ______
* ਦੋ ਲਾਟੂ, ਤਿੰਨ ਟੌਫ਼ੀਆਂ ਅਤੇ ਦੋ ਕੇਲੇ ______

ੲ) ਜੇਕਰ ਤੁਹਾਡੇ ਕੋਲ ਵੀਹ ਰੁਪਏ ਦਾ ਨੋਟ ਹੈ ਤਾਂ ਤੁਸੀਂ ਕੀ-ਕੀ ਖ਼ਰੀਦ ਸਕਦੇ ਹੋ?

* ਇੱਕ ਖਿਡੌਣਾ ਗੱਡੀ, ਇੱਕ ਗਿਲਾਸ ਨਿੰਬੂ ਪਾਣੀ, ਇੱਕ ਕੇਲਾ
* ______, ______, ______
* ______, ______, ______
* ______, ______, ______
* ______, ______, ______




ਰਸੀਦ

ਸੈਲਫ਼ ਸਰਵਿਸ ਸਟੋਰ

| ਸਮਾਨ | ਦਰ ਪ੍ਰਤਿ ਸਮਾਨ | ਰੁਪਏ | ਪੈਸੇ |
|---|---|---|---|
| | | | |
| | ਕੁੱਲ | | |

ਸ) ਤੁਸੀਂ ਜਿਨ੍ਹਾਂ ਚੀਜਾਂ ਨੂੰ ਖ਼ਰੀਦਿਆ ਹੁਣ ਉਸਦੇ ਲਈ ਇੱਕ ਰਸੀਦ ਬਣਾਉਣੀ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਇਸਨੂੰ ਜੋੜੀਏ, ਇਸਦਾ ਅੰਦਾਜ਼ਾ ਲਗਾਓ ਕਿ ਤੁਹਾਨੂੰ ਕਿੰਨੇ ਪੈਸੇ ਦੀ ਜ਼ਰੂਰਤ ਹੋਵੇਗੀ। ਇਸ ਤੋਂ ਬਾਅਦ ਪਤਾ ਕਰੋ ਕਿ ਕੁੱਲ ਕਿੰਨੇ ਪੈਸੇ ਹੋਏ ਅਤੇ ਦੇਖੋ ਕਿ ਤੁਹਾਡਾ ਅੰਦਾਜ਼ਾ ਕਿੰਨਾ ਠੀਕ ਸੀ।

ਮੋਨੂੰ ਨੇ ਹੇਠਾਂ ਦਿੱਤੀਆਂ ਗਈਆਂ ਰਸੀਦਾਂ ਤਿਆਰ ਕੀਤੀਆਂ –

ਇਹਨਾਂ ਰਸੀਦਾਂ ਦੀ ਜਾਂਚ ਕਰੋ ਅਤੇ ਜੇ ਇਹਨਾਂ ਵਿਚ ਤੁਹਾਨੂੰ ਕੋਈ ਗਲਤੀ ਦਿਖਾਈ ਦੇਵੇ ਤਾਂ ਉਸ ਨੂੰ ਠੀਕ ਕਰੋ।

ਰਸੀਦ
ਸੈਲਫ਼ ਸਰਵਿਸ ਸਟੋਰ

| ਸਮਾਨ | ਦਰ ਪ੍ਰਤਿ ਸਮਾਨ | ਰੁ | ਪੈਸੇ |
|---|---|---|---|
| 1 ਗੇਂਦ | 7 | 7 | 00 |
| 3 ਪੈਨਸਿਲਾਂ | 2.50 | 7 | 50 |
| 5 ਟੌਫੀਆਂ | | 2 | 50 |
| | ਕੁੱਲ | 17 | 00 |

ਰਸੀਦ
ਸੈਲਫ਼ ਸਰਵਿਸ ਸਟੋਰ

| ਸਮਾਨ | ਦਰ ਪ੍ਰਤਿ ਸਮਾਨ | ਰੁ | ਪੈਸੇ |
|---|---|---|---|
| 1 ਖਿਡੌਣਾ ਗੱਡੀ | | 15 | 00 |
| 3 ਗਿਲਾਸ ਦੁੱਧ | 3.50 | 10 | 00 |
| 4 ਨੋਟਬੁੱਕ | 5 | 20 | 50 |
| | ਕੁੱਲ | 45 | 00 |

ਰਸੀਦ
ਸੈਲਫ਼ ਸਰਵਿਸ ਸਟੋਰ

| ਸਮਾਨ | ਦਰ ਪ੍ਰਤਿ ਸਮਾਨ | ਰੁ | ਪੈਸੇ |
|---|---|---|---|
| 1 ਖਿਡੌਣਾ ਗੱਡੀ | 6.50 | 6 | 50 |
| 3 ਪੈਨਸਿਲਾਂ | 2.50 | 7 | 50 |
| 7 ਟੌਫੀਆਂ | .50 | 3 | 50 |
| 1 ਬਿਸਕੁਟ | 4.50 | 4 | 50 |
| | ਕੁੱਲ | 21 | 50 |

* ਇਹਨਾਂ ਨੂੰ ਜੋੜੋ –

ੳ) 12.50 ਰੁਪਏ
+13.00 ਰੁਪਏ
________

ਅ) 55.50 ਰੁਪਏ
+14.00 ਰੁਪਏ
________

ੲ) 30.00 ਰੁਪਏ
+31.50 ਰੁਪਏ
________

* ਇਹਨਾਂ ਨੂੰ ਘਟਾਓ –

ੳ) 25.50 ਰੁਪਏ
–11.50 ਰੁਪਏ
________

ਅ) 103.50 ਰੁਪਏ
– 62.00 ਰੁਪਏ
________

ੲ) 19.50 ਰੁਪਏ
– 7.00 ਰੁਪਏ
________

ੲ) *ਤੁਹਾਡੇ ਕੋਲ 30 ਰੁਪਏ ਹਨ। ਪਤਾ ਲਗਾਉ ਤੁਹਾਡੇ ਕੋਲ ਕਿੰਨੀ ਰਕਮ ਬਚੇਗੀ ਜੇ ਤੁਸੀਂ ਇਸ ਸਮਾਨ ਨੂੰ ਖਰੀਦਦੇ ਹੋ*

* ਇੱਕ ਗੇਂਦ, ਇੱਕ ਗੁੱਡੀ ਅਤੇ ਇੱਕ ਖਿਡੌਣਾ ਜਿਰਾਫ਼
ਕੁੱਲ ਕੀਮਤ ______। ਬਚੀ ਰਕਮ ______।

* ਦੋ ਕੇਲੇ, ਇੱਕ ਪੈਕਟ ਬਿਸਕੁਟ ਅਤੇ ਦੋ ਗਿਲਾਸ ਨਿੰਬੂ ਪਾਣੀ
ਕੁੱਲ ਕੀਮਤ ______। ਬਚੀ ਰਕਮ ______।





* ਤਿੰਨ ਕਾਪੀਆਂ, ਦੋ ਪੈਨਸਿਲਾਂ ਅਤੇ ਦੋ ਰਬੜਾਂ

ਕੁੱਲ ਕੀਮਤ ______। ਬਚੀ ਰਕਮ ______।

## ਅਭਿਆਸ ਦਾ ਸਮਾਂ

ੳ) ਤਿੰਨ ਦੋਸਤ ਮਿਲਕੇ ਕ੍ਰਿਕਟ ਦਾ ਇੱਕ ਬੈਟ ਅਤੇ ਇੱਕ ਗੇਂਦ ਖਰੀਦਣਾ ਚਾਹੁੰਦੇ ਹਨ।

ਬੀਨਾ ਦੇ ਕੋਲ 48.50 ਰੁਪਏ, ਰਮਨ ਦੇ ਕੋਲ 55.50 ਰੁਪਏ ਅਤੇ ਵੇਣੂ ਦੇ ਕੋਲ 38.00 ਰੁਪਏ ਹਨ। ਕੁੱਲ ਮਿਲਾ ਕੇ ਉਹਨਾਂ ਕੋਲ ਕਿੰਨੇ ਰੁਪਏ ਹਨ?





ਅ) ਹਰੀ ਨੇ 62.50 ਰੁਪਏ ਦਾ ਰੇਲਵੇ ਦਾ ਟਿਕਟ ਲਿਆ। ਉਸਨੇ 100 ਰੁਪਏ ਦਾ ਨੋਟ ਦਿੱਤਾ। ਉਸਨੂੰ ਟਿਕਟ ਦੇ ਨਾਲ ਕਿੰਨੇ ਰੁਪਏ ਵਾਪਸ ਮਿਲਣਗੇ ?

ੲ) ਗੀਤਾ ਆਪਣੇ ਦੋਸਤਾਂ ਨਾਲ ਬਜ਼ਾਰ ਗਈ। ਉਸਨੇ 58 ਰੁਪਏ, 37 ਰੁਪਏ, ਅਤੇ 22 ਰੁਪਏ ਦਾ ਸਮਾਨ ਖਰੀਦਿਆ। ਗੀਤਾ ਦੇ ਕੋਲ 100 ਰੁਪਏ ਦਾ ਨੋਟ ਹੈ। ਉਸਨੂੰ ਬਿਲ ਦੇਣ ਲਈ ਦੋਸਤਾਂ ਕੋਲ ਹੋਰ ਕਿੰਨੇ ਪੈਸੇ ਲੈਣੇ ਹੋਣਗੇ?



ਸ)

## ਮੁੰਬਈ ਖਬਰ

### ਕਾਰਖਾਨੇ ਤੋਂ ਬੱਚਿਆਂ ਨੂੰ ਛੁਡਾਇਆ



ਇਸ ਵੰਗਾਂ ਬਣਾਉਣ ਵਾਲੇ ਕਾਰਖਾਨੇ ਵਿਚ ਕੰਮ ਕਰਨ ਵਾਲੇ 10 ਛੋਟੇ ਬੱਚਿਆਂ ਨੂੰ ਅੱਜ ਛੁਡਵਾਇਆ ਗਿਆ। ਇੱਕ ਖ਼ਬਰ ਰਿਪੋਰਟਰ ਅਤੇ ਪੁਲਿਸ ਨੇ ਉਹਨਾਂ ਦਾ ਉਥੇ ਬੁਰਾ ਹਾਲ ਵੇਖਿਆ।ਕਾਰਖਾਨੇ ਵਿਚ ਬੱਚਿਆਂ ਕੋਲੋਂ ਕਾਫੀ ਮੁਸ਼ਕਿਲ ਕੰਮ ਕਰਵਾਏ ਜਾਂਦੇ ਸੀ।ਉਹਨਾਂ ਨੂੰ ਇਕ ਦਿਨ ਵਿਚ ਸਿਰਫ 20 ਰੁਪਏ ਮਿਲਦੇ ਸੀ। ਬੱਚੇ ਆਪਣੇ ਪਿੰਡ ਦੇ ਘਰ ਵਿਚ ਵਾਪਸ ਜਾ ਕੇ ਬਹੁਤ ਖੁਸ਼ ਹੋਏ। ਉਹ ਇਕ ਖਾਸ ਸਕੂਲ ਵਿਚ ਜਾਣਗੇ ਤਾਂ ਕਿ ਉਹ ਆਪਣੀ ਉਮਰ ਦੇ ਦੂਜੇ ਬੱਚਿਆਂ ਦੀ ਤਰ੍ਹਾਂ ਪੜ੍ਹਨਾ-ਲਿਖਣਾ ਸਿਖ ਸਕਣ। ਬੱਚਿਆਂ ਤੋਂ ਇਸ ਤਰ੍ਹਾਂ ਕੰਮ ਕਰਾ ਕੇ ਕਾਰਖਾਨੇ ਦਾ ਮਾਲਕ ਆਪਣਾ ਪੈਸਾ ਬਚਾਉਣਾ ਚਾਹੁੰਦਾ ਸੀ। ਹੁਣ ਪੁਲਿਸ ਆਪਣਾ ਕੰਮ ਕਰੇਗੀ।

ਚਲੋ ਦੇਖਦੇ ਹਾਂ ਕਿ ਕਾਰਖਾਨੇ ਵਾਲੇ ਨੇ ਕਿੰਨਾ ਪੈਸਾ ਬਚਾਉਣ ਦੀ ਕੋਸ਼ਿਸ਼ ਕੀਤੀ।

ਇੱਕ ਵੱਡੇ ਆਦਮੀ ਨੂੰ ਕੰਮ ਦੇ ਲਈ ਮਿਲਣਾ ਚਾਹੀਦਾ = 85 ਰੁਪਏ ਰੋਜ਼ਾਨਾ

ਇੱਕ ਬੱਚੇ ਨੂੰ ਦਿੱਤੇ ਗਏ = 20 ਰੁਪਏ ਰੋਜ਼ਾਨਾ

ਇੱਕ ਵਿਅਕਤੀ 'ਤੇ ਕਾਰਖਾਨੇ ਨੇ ਬਚਾਏ 85ਰੁਪਏ – _____= 65 ਰੁਪਏ ਰੋਜ਼ਾਨਾ

10 ਬੱਚਿਆਂ 'ਤੇ ਕਾਰਖਾਨੇ ਨੇ ਬਚਾਏ 65 ਰੁਪਏ × 10 = _____ ਰੁਪਏ ਰੋਜ਼ਾਨਾ

ਪਤਾ ਲਗਾਉ।

ਤੁਹਾਡੇ ਇਲਾਕੇ ਵਿੱਚ ਕੀ ਇਸ ਤਰ੍ਹਾਂ ਦੀਆਂ ਦੁਕਾਨਾਂ ਅਤੇ ਕਾਰਖਾਨੇ ਹਨ ਜਿੱਥੇ ਛੋਟਿਆਂ ਬੱਚਿਆਂ ਤੋਂ ਕੰਮ ਕਰਵਾਇਆ ਜਾਂਦਾ ਹੈ?

ਇਹਨਾਂ ਵਿੱਚੋਂ ਕੁੱਝ ਬੱਚਿਆਂ ਨਾਲ ਗੱਲ ਕਰੋ।
ਉਹਨਾਂ ਨੂੰ ਉੱਥੋਂ ਕਿੰਨਾ ਪੈਸਾ ਮਿਲਦਾ ਹੈ?



ਜ਼ਰੂਰੀ ਨਹੀਂ ਹੈ ਕਿ ਪੈਸੇ ਦੀ ਸਮਝ ਸਿਰਫ ਖਰੀਦਣ ਅਤੇ ਵੇਚਣ ਵਾਲੇ ਨੂੰ ਹੀ ਲੈ ਕੇ ਹੋਵੇ। ਅਧਿਆਪਕ ਇਸ ਨਾਲ ਜੁੜੇ ਹੋਏ ਵਿਸ਼ਿਆਂ 'ਤੇ ਬੱਚਿਆਂ ਨਾਲ ਆਪਣੇ ਅਨੁਭਵ ਦੇ ਬਾਰੇ ਵਿਚ ਗੱਲ ਕਰ ਸਕਦੇ ਹਨ, ਜਿਵੇਂ ਮਜ਼ਦੂਰੀ ਅਤੇ ਕੰਮ ਆਦਿ।




## ਰੇਲ ਯਾਤਰਾ

ਇਹ ਰੇਲ ਅਮ੍ਰਿਤਸਰ ਤੋਂ ਦਿੱਲੀ ਤੱਕ ਜਾਂਦੀ ਹੈ। ਰਸਤੇ ਵਿਚ ਜਲੰਧਰ, ਲੁਧਿਆਣਾ ਅਤੇ ਪਾਨੀਪਤ ਸਟੇਸ਼ਨਾਂ 'ਤੇ ਰੁਕਦੀ ਹੈ।

ਵੱਖ-ਵੱਖ ਸਟੇਸ਼ਨਾਂ ਦੇ ਲਈ ਰੇਲ ਟਿਕਟ ਦੀ ਕੀਮਤਾਂ ਹੇਠਾਂ ਸਾਰਣੀ ਵਿੱਚ ਦਿੱਤੀ ਗਈ ਹੈ।

| ਅਮ੍ਰਿਤਸਰ ਤੋਂ ਦੂਰੀ (ਕਿਲੋਮੀਟਰਾਂ ਵਿਚ) | ਸਟੇਸ਼ਨ | ਕਿਰਾਇਆ (ਰੁਪਇਆਂ ਵਿਚ) |
|---|---|---|
| 57 | ਜਲੰਧਰ | 12.50 |
| 175 | ਲੁਧਿਆਣਾ | 28.00 |
| 366 | ਪਾਨੀਪਤ | 49.50 |
| 495 | ਦਿੱਲੀ | 62.50 |



ਦੂਰੀ ਦਾ ਪਤਾ ਲਗਾਉ।

ੳ) ਜਲੰਧਰ ਤੋਂ ਦਿੱਲੀ ਤੱਕ ____________

ਅ) ਜਲੰਧਰ ਅਤੇ ਪਾਨੀਪਤ ਦੇ ਵਿੱਚ ____________

ੲ) ਲੁਧਿਆਣਾ ਤੋਂ ਦਿੱਲੀ ਤੱਕ ____________

ਸ) ਜਲੰਧਰ ਅਤੇ ਲੁਧਿਆਣਾ ਦੇ ਵਿੱਚ ____________

ਹ) ਗੋਆਲਪਾਰਾ ਤੋਂ ਗੁਹਾਟੀ ਤੱਕ ____________

ਟਿਕਟ ਦੀ ਕੀਮਤ ਦਾ ਪਤਾ ਲਗਾਉ

ੳ) ਭੂਪੇਨ ਨੇ ਅਮ੍ਰਿਤਸਰ ਤੋਂ ਲੁਧਿਆਣਾ ਜਾਣਾ ਹੈ।

ਉਸਦਾ ਟਿਕਟ ਕਿੰਨੇ ਦਾ ਹੋਵੇਗਾ?

ਅ) ਇੰਦਰਾ ਨੇ ਅਮ੍ਰਿਤਸਰ ਤੋਂ ਪਾਨੀਪਤ ਜਾਣਾ ਹੈ

ਉਸਨੂੰ ਟਿਕਟ ਦੇ ਲਈ ਕਿੰਨੇ ਪੈਸੇ ਦੇਣੇ ਪੈਣਗੇ?


ੲ) ਦੇਬੂ, ਸੀਮਾ ਅਤੇ ਗੋਬਿੰਦ ਅਮ੍ਰਿਤਸਰ ਤੋਂ ਜਲੰਧਰ ਤੱਕ ਜਾ ਰਹੇ ਹਨ। ਤਿੰਨ ਟਿਕਟਾਂ ਦੇ ਲਈ ਉਹਨਾਂ ਨੂੰ ਕਿੰਨੇ ਪੈਸੇ ਦੇਣੇ ਪੈਣਗੇ?

ਉਹਨਾਂ ਨੇ ਟਿਕਟਾਂ ਦੇ ਲਈ 50 ਰੁਪਏ ਦਾ ਨੋਟ ਦਿੱਤਾ। ਉਹਨਾਂ ਨੂੰ ਕਿੰਨਾ ਪੈਸਾ ਵਾਪਸ ਮਿਲੇਗਾ?




# ਕੈਂਚੀ ਕਰੇ ਕੰਮ


5-ਟੁੱਕੜਿਆਂ ਵਾਲਾ ਟੈਨਗ੍ਰਾਮ (ਪੇਜ 66)




7-ਟੁੱਕੜਿਆਂ ਵਾਲਾ ਟੈਨਗ੍ਰਾਮ (ਪੇਜ 67)




ਇਹਨਾਂ ਟਾਇਲਾਂ ਨੂੰ ਕੱਟ ਕੇ ਕੱਢੋ ਅਤੇ ਕਾਰਡ ਉੱਤੇ ਚਿਪਕਾਉ। ਹਰ ਟਾਇਲ ਦੀਆਂ ਬਹੁਤ ਸਾਰੀਆਂ ਨਕਲਾਂ ਬਣਾਓ ਅਤੇ ਇਹਨਾਂ ਨਾਲ ਫਰਸ਼ ਨੂੰ ਢੱਕੋ।






ਇਹਨਾਂ ਨੂੰ ਕੱਟ ਕੇ ਕੱਢੋ ਅਤੇ

ਰੁਪਏ-ਪੈਸਿਆਂ ਦੇ ਖੇਡ ਵਿੱਚ ਵਰਤੋਂ ਕਰੋ।